# ਵਰਿਆਮ

ਪੱਚੀਵਾਂ ਸਾਲ

ਜਨਵਰੀ ੨੦੦੦



ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਬਣਿਆ ੬੬ ਫੁੱਟ ਉੱਚਾ ਖੰਡਾ।
ਇਸ ਦੀਆਂ ਮੋਰੀਆਂ ਸ਼ਹੀਦਾਂ ਦੀ ਉਮਰ ਨੂੰ ਰੂਪਮਾਨ ਕਰਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari









NS

# NAMDHARI SEEDS

ਤੁਹਾਡੀ ਖ਼ੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ

ਫੁਲ ਗੋਭੀ : N.S. 60, N.S. 84 ਅਤੇ N.S. 90

ਭਿੰਡੀ : ਅਰਕਾ ਅਨਾਮਿਕਾ

ਤਰਬੂਜ਼ : N.S. 295 (ਸਮਰ ਸਵੀਟ) N.S. 246 ਅਤੇ N.S. 2332

ਖਰਬੂਜਾ : N.S. 7455 ਅਤੇ ਅਭਿਜੀਤ

ਲੌਕੀ (ਘੀਆ) : ਕਾਵੇਰੀ

ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

*ਰੀਜਨਲ ਆਫਿਸ :-*

**ਨਾਮਧਾਰੀ ਸੀਡਜ਼ ਪ੍ਰਾ : ਲਿ :**

104, ਸਾਵਿਤਰੀ ਕੰਪਲੈਕਸ,
ਢੋਲੇਵਾਲ ਚੌਂਕ, ਲੁਧਿਆਣਾ-141 003.
ਫੋਨ : 0161-531439, 543499 ਘਰ : 0161-833109

*Head Office :*

**NAMDHARI SEEDS PVT. LTD.**

Bidadi-Bangalore (India) 562109
Tel : 080-2210987, 08113-82401
Fax : 080-2276880

Sri Satguru Jagjit Singh Ji eLibrary NamdhariElibrary@gmail.com

# ਵਰਿਆਮ

ਜਨਵਰੀ ੨੦੦੦ ਜਿਲਦ-੨੫ ਅੰਕ ੩

## ਤਤਕਰਾ


| | | |
|---|---|---|
| ਸੰਪਾਦਕੀ | ਜਗਦੀਸ਼ ਸਿੰਘ | ੨ |
| ਬੇਮਿਸਾਲ ਕੁਰਬਾਨੀ | ਸ੍ਰ. ਨਾਹਰ ਸਿੰਘ ਇਤਿਹਾਸਕਾਰ | ੫ |
| ਸੂਰਮੇ ਮਰ ਕੇ ਵੀ ਨਹੀਂ ਮਰਦੇ (ਕਵਿਤਾ | ਰਾਜ ਸਿੰਘ | ੫ |
| ਮਲੇਰਕੋਟਲੇ ਰੱਕੜ ਵਿਚ ਸ਼ਹੀਦੀ | ਆਤਮਾ ਸਿੰਘ ਸਨਖਤ੍ਰੜੀ | ੭ |
| ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਮਨ | | ੧੦ |
| ਸਤਿਗੁਰੂ ਰਾਮ ਸਿੰਘ ਦਾ ਵਿਛੋੜਾ (ਕਵਿਤਾ) | | ੧੧ |
| ਮਸਤਾਨੇ-ਪਰਵਾਨੇ | ਮਾਲਵਿੰਦਰਜੀਤ ਸਿੰਘ | ੧੨ |
| ਸ੍ਰੀ ਗੁਰੂ ਗੋਬਿੰਦ ਸਿੰਘ | ਜੇ.ਪੀ. ਸੰਗਤ ਸਿੰਘ | ੧੩ |
| ਗ਼ਜ਼ਲ | ਮਹਾਂਬੀਰ ਸਿੰਘ ਦਰਦੀ | ੧੫ |
| ਜਿਗਰਾ ਸੋਢੀ ਸਰਦਾਰ ਦਾ (ਕਵਿਤਾ | ਚਰਨ ਸਿੰਘ ਖੈਰਪੁਰੀ | ੧੫ |
| ਪੱਛਮੀ ਪੰਜਾਬ ਵਿਚ ਕੁਝ ਦਿਨ | ਸੁਵਰਨ ਸਿੰਘ ਵਿਰਕ | ੧੭ |
| ਇਕੀਵੀਂ ਸਦੀ ਦੇ ਪਹਿਲੇ ਵਰ੍ਹਿਆ | ਨੀਲਮ ਸੰਜੀਵ | ੨੪ |
| ਕਵਿਤਾਵਾਂ | ਨਰਜਿੰਦਰ ਸਿੰਘ ਕੰਵਲ | ੨੫ |
| ਵੱਡਾ ਡਾਕਟਰ (ਕਹਾਣੀ) | ਨਾਨਕ ਸਿੰਘ | ੨੭ |
| ਲਾਲ ਏਹਿ ਰਤਨ | ਪ੍ਰੀਤਮ ਸਿੰਘ ਦੀਪਕ | ੩੩ |
| ਮਹਿੰਦਰ ਕੌਰ ਭਮਰਾ | ਸੂਬਾ ਰੇਸ਼ਮ ਸਿੰਘ ਟੋਰਂਟੋ | ੩੬ |
| ਊਧਮ ਸਿੰਘ ਆਜਿਜ਼ ਨਹੀਂ ਰਹੇ | ਅਮਰਜੀਤ ਸਿੰਘ | ੩੭ |


### ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

ਚੈਕ ਡਰਾਫਟ Mounthly Wariam ਦੇ ਨਾਂਅ ਤੇ ਹੀ ਭੇਜੇ ਜਾਣ।


| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| ਸਾਹਮਣੇ ਸੈਂਟਰਲ ਟਾਊਨ | Ladowali Road. |
| ਜਲੰਧਰ-੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੫੪੩ | Ph. : 222543 (O) |
| ਘਰ : ੫੬੨੮੯ | 56289 (R) |


### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।


ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**

**IRON INDUSTRIES**

**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares,
Textile Mill Spares, Distillery Spares & Solvent Plant Spares
All Type of Gear & Chain Sprockets & Industrial Chain

Partner: S. Puran Singh Saggu
S. Narinder Singh Saggu
Old Railway Road, Jalandhar.
*Phone : 58795, 59056 Mobile Phone 9814028099*




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਦੇਸ਼ ਦੀ ਆਜ਼ਾਦੀ ਤੇ ਕੂਕਾ ਲਹਿਰ

—*ਜਗਦੀਸ਼ ਸਿੰਘ*

ਜਗਤ ਪ੍ਰਸਿਧ ਪੁਸਤਕ ਐਨਸਾਈਕਲੋਪੀਡੀਆ ਬ੍ਰੀਟੈਨਿਕਾ ਵਿੱਚ ਕਰਤਾ ਨੇ ਕੂਕਿਆਂ ਬਾਰੇ ਦੋ ਗੱਲਾਂ ਲਿਖੀਆਂ ਹਨ:

ਪਹਿਲੀ ਇਹ ਕਿ ਕੂਕੇ ਗੁਰੂ ਗੋਬਿੰਦ ਸਿੰਘ ਜੀ ਦੇ ਕਟੜ ਪੈਰੋਕਾਰ ਹਨ ਅਤੇ ਦੂਸਰੀ ਇਹ ਕਿ ਕੂਕੇ ਅੰਗਰੇਜ਼ੀ ਹਕੂਮਤ ਦੇ ਦੁਸ਼ਮਨ ਹਨ।

ਲੁਧਿਆਣਾ ਡਿਸਟ੍ਰਿਕ ਗੈਜ਼ਟੀਅਰ ਸੰਨ ੧੯੦੪ ਦੇ ਪੰਨਾ ੩੦ ਤੇ ਲਿਖਿਆ ਹੈ ਕਿ ਸੱਚੀ ਗੱਲ ਤਾਂ ਇਹ ਹੈ ਕਿ ਕਿਸੇ ਕੂਕੇ ਵਾਸਤੇ ਇਹ ਗੱਲ ਸੰਭਵ ਨਹੀਂ ਹੈ ਕਿ ਬ੍ਰਿਟਿਸ਼ ਗੌਰਮੈਂਟ ਦਾ ਵਫਾਦਾਰ ਹੋਵੇ।

ਭਾਰਤ ਨੂੰ ਬਦੇਸ਼ੀ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਕਰਾਉਣ ਦੀ ਜਦੋਂ ਵੀ ਬਾਤ ਪੈਂਦੀ ਹੈ ਤਾਂ ਸਤਿਗੁਰੂ ਰਾਮ ਸਿੰਘ ਵਲੋਂ ਚਲਾਏ ਕੂਕਾ ਅੰਦੋਲਨ ਦਾ ਜ਼ਿਕਰ ਮਹੱਤਵ ਪੂਰਨ ਆਜ਼ਾਦੀ ਸੰਘਰਸ਼ਾਂ ਵਿੱਚ ਆਉਂਦਾ ਹੈ।

੧੮੫੭ ਤੋਂ ਲੈ ਕੇ ੧੯੪੭ ਤੱਕ ਕੂਕੇ ਜਾਂ ਨਾਮਧਾਰੀ ਅੰਗਰੇਜ਼ ਹਕੂਮਤ ਦੇ ਦੁਸ਼ਮਨ ਦੀਆਂ ਸਭ ਤੋਂ ਮੂਹਰਲੀਆਂ ਪਾਲਾਂ ਵਿੱਚ ਖੜ੍ਹੇ ਹਨ।

ਕੂਕਾ ਜਾਂ ਨਾਮਧਾਰੀ ਲਹਿਰ ਦੇ ਸੂਤਰਧਾਰ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ੩ ਫਰਵਰੀ ੧੮੧੬ ਈ. ਨੂੰ ਬਸੰਤ ਪੰਚਮੀ ਵਾਲੇ ਦਿਨ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿੱਚ ਬਾਬਾ ਜੱਸਾ ਸਿੰਘ ਦੇ ਘਰ ਹੋਇਆ। ਬਚਪਨ ਮਾਤਾ ਸਦਾ ਕੌਰ ਦੀਆਂ ਦੇਸ਼ ਭਗਤੀ ਭਰਪੂਰ ਅਤੇ ਧਾਰਮਕ ਸਿਖਿਆ ਵਾਲੀਆਂ ਕਥਾਵਾਂ ਸੁਣ ਕੇ ਅਤੇ ਭਜਨ ਬੰਦਗੀ ਵਿੱਚ ਲੰਘਿਆ। ਜਵਾਨੀ ਦੇ ਨੌਂ ਸਾਲ ਉਹਨਾਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਵਿੱਚ ਨੌਕਰੀ ਕਰਦਿਆਂ ਬਿਤਾਏ।

ਮਹਾਰਾਜ ਰਣਜੀਤ ਸਿੰਘ ਦੇ ਰਾਜ ਦੇ ਅੰਤਲੇ ਦਿਨਾਂ ਵਿੱਚ ਸਿੱਖ ਸਮਾਜ ਵਿੱਚ ਆਏ ਨੈਤਕ ਪਤਣ, ਲਾਹੌਰ ਦਰਬਾਰ ਦੀਆਂ ਸਾਜਸ਼ਾਂ, ਕਤਲੋ-ਗਾਰਤ ਅਤੇ ਅੰਤ ਉਤੇ ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ੇ ਦੀਆਂ ਘਟਨਾਵਾਂ ਉਹਨਾਂ ਸਾਹਵੇਂ ਵਾਪਰੀਆਂ ਸਨ ਅਤੇ ਇਸ ਦੁਖ ਨੂੰ ਉਹਨਾਂ ਅੰਦਰ ਤੱਕ ਮਹਿਸੂਸ ਕੀਤਾ ਸੀ। ਇਸ ਵਾਸਤੇ ਆਪ ਨੇ ਪ੍ਰੋਗਰਾਮਾਂ ਨੂੰ ਸਿਰੇ ਚੜ੍ਹਾਉਣ ਵਾਸਤੇ ਉਹਨਾਂ ਨੇ ਲੋਕਾਂ ਦੀ ਧਾਰਮਕ ਅਤੇ ਸਮਾਜਕ ਹਾਲਤ ਦਾ ਸੁਧਾਰ ਕਰ ਕੇ ਇਕ ਬਹੁਤ ਉਚੇ ਸੁੱਚੇ ਇਖਲਾਕ ਵਾਲੀ ਜਥੇਬੰਦੀ ਤਿਆਰ ਕਰ ਲਈ।

੧੮੫੭ ਈ. ਦੀ ਵਿਸਾਖੀ ਨੂੰ ਉਹਨਾਂ ਆਪਣੇ ਪਿੰਡ ਭੈਣੀ ਸਾਹਿਬ ਤੋਂ ਜਦੋਂ ਨਵੇਂ ਕਾਰਜ ਕਰਮ ਦਾ ਆਰੰਭ ਕੀਤਾ ਤਾਂ ਇਸ ਤੋਂ ਇਕ ਮਹੀਨਾ ਬਾਅਦ ਸਤਵੰਜਾ ਦਾ ਗ਼ਦਰ ਸ਼ੁਰੂ ਹੋ ਗਿਆ ਸੀ। ਗ਼ਦਰ ਦੀ ਅਸਫਲਤਾ ਬਾਅਦ ਅੰਗਰੇਜ਼ਾਂ ਨੇ ਲੋਕਾਂ ਤੇ ਏਨਾ ਜ਼ੁਲਮ ਕੀਤਾ ਕਿ ਸੁਣਕੇ ਲੋਕਾਂ ਦੇ ਦਿਲ ਦਹਿਲ ਗਏ। ਇਕੱਲੇ ਦਿੱਲੀ ਸ਼ਹਿਰ ਵਿੱਚ ਹੀ ੨੭੦੦੦ ਬੰਦੇ ਕਤਲ ਕੀਤੇ ਗਏ। ਫਾਂਸੀਆਂ ਅਤੇ ਤੋਪਾਂ ਨਾਲ ਪਿੰਡਾਂ ਦੇ ਪਿੰਡ ਸਾਫ ਕੀਤੇ ਗਏ।

ਇਸ ਵੇਲੇ ਅੰਗਰੇਜ਼ਾਂ ਦੇ ਜ਼ੁਲਮ ਦੇ ਸਾਹਵੇਂ ਜੇ ਕੋਈ ਨਿਰਭੈ ਹੋ ਕੇ ਖਲੋਤਾ ਸੀ ਤਾਂ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸਿੱਖ ਕੂਕੇ ਹੀ ਸਨ।

ਮਹਾਨ ਸ਼ਹੀਦ ਸ. ਭਗਤ ਸਿੰਘ ਨੇ ਇਕ ਮਜ਼ਮੂਨ ਵਿੱਚ ਇਸ ਬਾਰੇ ਇਵੇਂ ਲਿਖਿਆ ਸੀ "....ਪਰ ਇਹ ਤਾਂ ਮੰਨਣਾ ਹੀ ਪਵੇਗਾ ਕਿ ਇਸ ਵੇਲੇ ਗੁਰੂ ਜੀ ਨੂੰ ਦੇਸ਼ ਦੀ ਪਰਾਧੀਨਤਾ ਬੁਰੀ ਤਰ੍ਹਾਂ ਰੜਕੀ। ਉਹ ਸਮਝ ਗਏ ਸਨ ਕਿ ਗ਼ੁਲਾਮੀ ਦੇ ਨਾਲ ਦੇਸ਼ ਦੀ ਆਤਮਾ ਵੀ ਮਰਦੀ ਜਾ ਰਹੀ ਹੈ। ਲੋਕ ਸਵਾਧੀਨਤਾ ਦਾ ਵਿਚਾਰ ਤੱਕ ਛੱਡ ਬੈਠੇ ਸਨ। ਅਜੇ ਕਲ੍ਹ ਦੀ ਗੱਲ ਹੈ ਸੀ ਜਦ ਉਨ੍ਹਾਂ ਗ਼ਦਰ ਅਤੇ ਉਹਦੀ ਅਸਫਲਤਾ ਦੇ ਬਾਅਦ ਅਕਹਿ ਜ਼ੁਲਮ ਵੇਖੇ ਸੁਣੇ ਸਨ। ਉਸ ਦੀ ਉਹਨਾਂ ਨੂੰ ਜ਼ਰੂਰ ਠੇਸ ਲੱਗੀ ਹੋਵੇਗੀ। ਜੋ ਵੀ ਹੋਵੇ, ਉਹਨਾਂ ਵਿਦੇਸ਼ੀ ਹਕੂਮਤ ਦਾ ਖੋਖਲਾਪਨ ਖੂਬ ਚੰਗੀ ਤਰ੍ਹਾਂ ਵੇਖ ਕੇ, ਇਕ ਪ੍ਰੋਗਰਾਮ ਬਣਾ ਕੇ ਕੰਮ ਆਰੰਭ ਦਿੱਤਾ। ਹੁਣ ਤੱਕ ਸਿਰਫ 'ਉਪਦੇਸ਼' ਹੀ ਹੁੰਦਾ ਸੀ, ਪਰ ਹੁਣ ਦੀਕਸ਼ਾ ਅਤੇ ਸੰਗਠਨ ਵੀ ਸ਼ੁਰੂ ਹੋ ਗਿਆ।

ਉਨ੍ਹਾਂ ਉਸ ਵੇਲੇ ਉਹੀ ਨਾ-ਮਿਲਵਰਤਨ ਦਾ ਪ੍ਰਚਾਰ ਸ਼ੁਰੂ ਕੀਤਾ, ਜੋ ੧੯੨੦ ਵਿੱਚ ਮਹਾਤਮਾ ਗਾਂਧੀ ਨੇ ਕੀਤਾ ਸੀ। ਉਨ੍ਹਾਂ ਦੀ ਨਾ-ਮਿਲਵਰਤਨ ਮਹਾਤਮਾ ਦੀ ਨਾ-ਮਿਲਵਰਤਨ ਤੋਂ ਵੀ ਕਈ ਗੱਲਾਂ ਵਿੱਚ ਵਧਕੇ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਬਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ, ਤਾਰ ਅਤੇ ਡਾਕ ਦੇ ਬਾਈਕਾਟ ਦਾ ਵੀ ਪ੍ਰਚਾਰ ਕੀਤਾ। ਉਸ ਵੇਲੇ ਦੇਸ਼ ਇੰਨਾ ਸਾਹ-ਸੱਤਹੀਣ ਹੋ ਕੇ ਉਨ੍ਹਾਂ ਚੀਜ਼ਾਂ ਉੱਤੇ ਇੰਨਾ ਨਿਰਭਰ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ ਵੀ ਨਹੀਂ ਸੀ ਜਾ ਸਕਦੀ। ਇਸ ਤਰ੍ਹਾਂ ਉਨ੍ਹਾਂ ਡਾਕ ਦਾ ਪ੍ਰਬੰਧ ਆਪਣਾ ਇੰਨਾ ਚੰਗਾ ਕਰ ਲਿਆ ਸੀ ਕਿ ਭਾਈ



Sri Satguru Jagjit Singh Ji eLibrary NamdhariElibrary@gmail.com

ਪਰਮਾ ਨੰਦ ਦੇ ਲੇਖ ਅਨੁਸਾਰ ਉਨ੍ਹਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਸ਼ਤਾਬੀ ਪਹੁੰਚਦੀ ਸੀ। ਇਨ੍ਹਾਂ ਗੱਲਾਂ ਦੇ ਨਾਲ ਸਾਦਾ ਪਹਿਰਾਵੇ ਅਤੇ ਸਵਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। ਪ੍ਰਚਾਰ ਦਾ ਕੰਮ ਇੰਨੀ ਦੇਰ ਨਾ ਹੋ ਸਕਿਆ ਤੇ ਸਰਕਾਰ ਇਸ ਉਤੇ ਕਰੜੀ ਨਜ਼ਰ ਰੱਖਣ ਲੱਗੀ। ਉਸਨੂੰ ਇਸ ਪ੍ਰਚੰਡ ਅੰਦੋਲਨ ਨੂੰ ਨੱਪ ਦੇਣ ਦੀ ਚਿੰਤਾ ਹੋ ਗਈ।......

ਨਾਮਧਾਰੀਆਂ ਦੇ ਡਾਕ ਪ੍ਰਬੰਧ ਬਾਰੇ ਉਸ ਵੇਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੇਜਰ ਪਰਕਿਨਜ਼ ਨੇ ਆਪਣੀ ਰਿਪੋਰਟ ਵਿੱਚ ਇਵੇਂ ਲਿਖਿਆ—

ਕੂਕਿਆਂ ਜਾਂ ਸੰਤ ਖਾਲਸਿਆਂ ਦਾ ਆਪਸ ਦੀ ਡਾਕ ਦਾ ਆਪਣਾ ਹੀ ਨਿਜੀ ਪ੍ਰਬੰਧ ਹੈ, ਜੋ ਬਹੁਤ ਹੀ ਸ਼ਲਾਘ-ਯੋਗ ਯੁਕਤੀ ਨਾਲ ਸੰਗਠਨ ਕੀਤਾ ਹੋਇਆ ਹੈ। ਖੁਫੀਆ ਹੁਕਮ ਜਾਂ ਹਦਾਇਤਾਂ ਉਸੇ ਤਰ੍ਹਾਂ ਚੁਫੇਰੇ ਭੇਜੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਪੁਰਾਣੇ ਸਮਿਆਂ ਵਿੱਚ ਸਕਾਟਲੈਂਡ ਦੇ ਲੋਕੀ ਕੀਤਾ ਕਰਦੇ ਸਨ। ਇਕ ਪਿੰਡ ਵਾਲਾ ਕੂਕਾ ਦੂਸਰੇ ਕੂਕੇ ਦੇ ਸੰਦੇਸ਼ ਜਾਂ ਚਿੱਠੀ ਉਸ ਪਿੰਡ ਵਿੱਚ ਲਿਆਉਂਦੇ ਸਾਰ ਹੀ, ਇੱਕਦਮ ਸਭ ਕੰਮ ਕਾਰ ਛੱਡ ਕੇ ਦੂਸਰੇ ਨੀਯਤ ਹਰਕਾਰੇ ਵੱਲ ਜਾਂ ਆਪ ਹੀ ਦੂਸਰੀ ਮੰਜ਼ਲ ਵਲ ਨੂੰ ਦੌੜ ਪੈਂਦਾ ਹੈ। ਸਾਰੇ ਕੰਮ ਵਿਚਕਾਰੀ ਹੀ ਛੱਡ ਦਿੰਦਾ ਹੈ। ਜੇ ਰੋਟੀ ਖਾਂਦਾ ਹੋਵੇ, ਤਦ ਦੂਜੀ ਗਰਾਹੀ ਨਹੀਂ ਪਾਂਦਾ। ਨਾ ਹੀ ਪਹਿਲੇ ਹਰਕਾਰੇ ਤੋਂ ਕੋਈ ਸਵਾਲ ਪੁਛਦਾ ਹੈ। ਜ਼ਰੂਰੀ ਗੱਲਾਂ ਕਾਗਜ਼ ਤੇ ਲਿਖਕੇ, ਚਿੱਠੀ ਦੀ ਸ਼ਕਲ ਵਿੱਚ ਨਹੀਂ ਸਗੋਂ ਸੰਦੇਸ਼ ਰਾਹੀਂ ਜ਼ਬਾਨੀ ਭੇਜੀਆਂ ਜਾਂਦੀਆਂ ਹਨ। ਇਨ੍ਹਾਂ ਚਿਠੀਆਂ ਪੱਤਰਾਂ ਨੂੰ ਲਿਆਉਣ ਅਤੇ ਲੈ ਜਾਵਣ ਲਈ ਕੂਕੇ ਜਰਨੈਲੀ ਸੜਕ ਜਾਂ ਆਮ ਰਸਤੇ ਨਹੀਂ ਵਰਤਦੇ ਸਗੋਂ ਆਪਣੇ ਹੀ ਮਿਥੇ ਹੋਏ ਰਾਹੀਂ ਜਾਂਦੇ ਹਨ।"

ਇਸ ਸਮੇਂ ਸਰਕਾਰ ਨੂੰ ਵੀ ਰਿਪੋਰਟਾਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਕਿ ਕੂਕਿਆਂ ਦਾ ਪ੍ਰਚਾਰ ਸਰਕਾਰ ਵਿਰੋਧੀ ਹੈ।

ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿਸਟਰ ਮੈਕਨਾਬ ਨੇ ੫ ਅਪ੍ਰੈਲ ੧੮੬੩ ਨੂੰ ਕੂਕਿਆਂ ਸੰਬੰਧੀ ਪਹਿਲੀ ਰਿਪੋਰਟ ਸਰਕਾਰ ਨੂੰ ਦੇਂਦਿਆ ਲਿਖਿਆ ਕਿ—

"ਲੁਧਿਆਣੇ ਜ਼ਿਲ੍ਹੇ ਦਾ ਇੱਕ ਬਜ਼ੁਰਗ ਸਿੱਖ ੨੦੦ ਆਦਮੀਆਂ ਨਾਲ ਫਿਰ ਰਿਹਾ ਹੈ। ਉਹ ਇਹਨਾਂ ਲੋਕਾਂ ਨੂੰ ਰਾਤ ਡਰਿਲ ਕਰਾਉਂਦਾ ਹੈ। ਬੰਦੂਕਾਂ ਦੀ ਥਾਂ ਲਾਠੀਆਂ ਫੜਾ ਕੇ। ਉਹ ਡੀਂਗ ਮਾਰਦਾ ਹੈ ਕਿ ਉਸ ਦੇ ਪੰਜ ਹਜ਼ਾਰ ਚੇਲੇ ਹਨ ਅਤੇ ਉਹ ਕਿਸੇ ਹਾਕਮ ਦੀ ਈਨ ਨਹੀਂ ਮੰਨਦਾ।"

ਇਸ ਰਿਪੋਰਟ ਬਾਅਦ ਸਰਕਾਰ ਨੇ ਸਭ ਜ਼ਿਲ੍ਹਾ ਅਧਿਕਾਰੀਆਂ ਨੂੰ ਕੂਕਿਆਂ ਤੇ ਕਰੜੀ ਨਜ਼ਰ ਰੱਖਣ ਦੀ ਹਦਾਇਤ ਕਰ ਦਿੱਤੀ।

੨ ਤੇ ੩ ਜੂਨ ੧੮੬੩ ਨੂੰ ਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਵਿੱਚ ਸਾਦੇ ਸਸਤੇ ਦਾਜ ਦਹੇਜ ਰਹਿਤ ਅੰਤਰ-ਜਾਤੀ ਸਮੂਹਕ ਅਨੰਦ ਕਾਰਜਾਂ ਦੀ ਰੀਤ ਚਾਲੂ ਕਰਨ ਵਾਸਤੇ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਇਕ ਮੇਲਾ ਕੀਤਾ। ਉਸ ਸਮੇਂ ਬਾਘੇ ਪੁਰਾਣੇ ਦੇ ਥਾਣੇ ਵਿੱਚ ਚੌਕੀਦਾਰ ਨੇ ਇਹ ਰਿਪੋਰਟ ਦਰਜ ਕਰਵਾਈ—

"ਦੋ ਤਿੰਨ ਦਿਨ ਤੋਂ ਰਾਮ ਸਿੰਘ ਅਤੇ ਉਸਦੇ ੫੦੦ ਪੈਰੋਕਾਰ ਖੋਟੇ ਪਿੰਡ ਇਕੱਠੇ ਹੋਏ ਹਨ ਅਤੇ ਉਨ੍ਹਾਂ ਦੇ ਚਾਲੇ ਵੱਖਰੇ ਜਿਹੇ ਹੀ ਜਾਪਦੇ ਹਨ। ਉਹ ਸਰਕਾਰ ਵਿਰੁਧ ਗੱਲਾਂ ਕਰਦੇ ਹਨ, ਉਹ ਕਹਿੰਦੇ ਹਨ ਕਿ ਛੇਤੀ ਹੀ ਸਾਰਾ ਮੁਲਕ ਉਨ੍ਹਾਂ ਦਾ ਹੋ ਜਾਵੇਗਾ। ਉਨ੍ਹਾਂ ਪਿਛੇ ਸਵਾ ਲੱਖ ਆਦਮੀ ਹੋਵੇਗਾ। ਮਾਮਲੇ ਵਜੋਂ ਉਹ ਕਿਸਾਨਾਂ ਤੋਂ ਸਿਰਫ ਪੈਦਾਵਾਰ ਦਾ ਪੰਜਵਾਂ ਹਿੱਸਾ ਹੀ ਲਿਆ ਕਰਨਗੇ।"

ਕੂਕਿਆਂ ਦੇ ਪ੍ਰਚਾਰ ਉੱਤੇ ਸਰਕਾਰ ਵਲੋਂ ਪੂਰਨ ਪਾਬੰਦੀ ਲਾ ਦਿੱਤੀ ਗਈ ਅਤੇ ਮੇਲਾ ਪੁਲਿਸ ਦਖਲ ਨਾਲ ਬਰਖਾਸਤ ਕੀਤਾ ਗਿਆ।

ਇਸ ਸਮੇਂ ਮੇਜਰ ਮੈਕ ਐਂਡਰੀਊ ਡੀ.ਆਈ.ਜੀ. ਰੇਂਜ ਇਕ ਨੇ ੯ ਜੂਨ ਦੀ ਰਿਪੋਰਟ ਵਿੱਚ ਲਿਖਿਆ ਕਿ "ਗੁਰੂ ਰਾਮ ਸਿੰਘ ਦੇ ਪ੍ਰਚਾਰ ਨੇ ਪੰਜਾਬ ਵਿੱਚ ਬੜੀ ਵੱਡੀ ਤਰਥੱਲੀ ਮਚਾ ਦਿੱਤੀ ਹੈ।"

ਸਰਕਾਰ ਨੇ ਕਈ ਵਾਰ ਪਾਬੰਦੀਆਂ ਲਾਈਆਂ ਅਤੇ ਹਟਾਈਆਂ ਪਰ ਕੂਕਿਆਂ ਦੀਆਂ ਸਰਗਰਮੀਆਂ ਵਧਦੀਆਂ ਹੀ ਗਈਆਂ। ਗੁਰੂ ਰਾਮ ਸਿੰਘ ਜੀ ਨੇ ਆਪਣੇ ੨੨ ਖਾਸ ਮੁਖੀਆਂ ਜਿਨ੍ਹਾਂ ਨੂੰ ਸੂਬੇ ਕਿਹਾ ਜਾਂਦਾ ਸੀ, ਰਾਹੀਂ ਸਾਰੇ ਦੇਸ਼ ਵਿੱਚ ਪ੍ਰਚਾਰ ਦੀ ਧੂਮ ਮਚਾ ਦਿੱਤੀ ਅਤੇ ਅੰਮ੍ਰਿਤਸਰ ਦੀ ਦੀਵਾਲੀ ਅਤੇ ਅਨੰਦਪੁਰ ਦੇ ਹੋਲਿਆਂ ਤੇ ਹਜ਼ਾਰਾਂ ਨਾਮਧਾਰੀ ਪੁਜੇ ਸਨ। ਰਿਪੋਰਟਾਂ ਅਨੁਸਾਰ ਸੱਤ ਲੱਖ ਲੋਕ ਗੁਰੂ ਰਾਮ ਸਿੰਘ ਦੇ ਝੰਡੇ ਹੇਠ ਇਕੱਤਰ ਹੋ ਗਏ ਸਨ।

ਇਸੇ ਸਮੇਂ ਦੌਰਾਨ ਗੁਰੂ ਰਾਮ ਸਿੰਘ ਜੀ ਨੇ ਕਸ਼ਮੀਰ, ਨੇਪਾਲ, ਅਫਗਾਨਿਸਤਾਨ, ਭੂਟਾਨ ਅਤੇ ਰੂਸ ਦੀਆਂ ਸਰਕਾਰਾਂ ਨਾਲ ਸੰਪਰਕ ਸਥਾਪਤ ਕੀਤੇ। ਕਸ਼ਮੀਰ ਵਿੱਚ ਇਕ ਕੂਕਾ ਰਜਮੰਟ ਹੀ ਖੜ੍ਹੀ ਕੀਤੀ ਗਈ। ਨੇਪਾਲ ਸਰਕਾਰ ਵੱਲ ਇਕ ਸਦ-ਭਾਵਨਾ ਵਫਦ ਭੇਜਿਆ ਗਿਆ, ਜਿਸਦੀ ਉਥੇ ਸ਼ਾਹੀ ਆਓ ਭਗਤ ਕੀਤੀ ਗਈ ਅਤੇ ਤੋਹਫਿਆਂ ਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ ਗਿਆ।

ਜਿਥੇ ਸਰਕਾਰ ਇਹਨਾਂ ਸਾਰੀਆਂ ਗੱਲਾਂ ਤੋਂ ਭੈ-ਭੀਤ ਹੋ ਰਹੀ ਸੀ ਉਥੇ ਕੂਕਿਆਂ ਦੇ ਦੀਵਾਨਾਂ ਵਿੱਚ ਖੁਲ੍ਹੇ ਆਮ ਇਹ ਸ਼ਬਦ ਪੜ੍ਹੇ ਜਾਂਦੇ ਸਨ—



Sri Satguru Jagjit Singh Ji eLibrary NamdhariElibrary@gmail.com

—ਅਸਾਂ ਹਿੰਦ ਵਿੱਚ ਗ਼ਦਰ ਮਚਾਉਣਾ
ਕਢਣਾ ਫਿਰੰਗੀਆਂ ਨੂੰ।
—ਨਹੀਂ ਰਖਣੀ ਸਰਕਾਰ ਗੋਰੀ ਨਹੀਂ ਰਖਣੀ।
—ਨੱਸੇ ਜਾਣ ਫਰੰਗੀ ਵੱਜੇ ਘੁੰਗਰੂ।
—ਦਿਨ ਤਾਂ ਰਹਿ ਗਏ ਥੋਹੜੇ ਹੁਣ ਕੀ ਦੇਖਦੈਂ,
ਨੱਸੇ ਜਾਂਦੇ ਗੋਰੇ ਹੁਣ ਕੀ ਦੇਖਦੈਂ।

ਹੁਣ ਅੰਗਰੇਜ਼ ਸਰਕਾਰ ਬਹਾਨਿਆਂ ਦੀ ਭਾਲ ਵਿੱਚ ਸੀ ਜਿਸ ਰਾਹੀਂ ਇਸ ਲਹਿਰ ਤੇ ਮਾਰੂ ਵਾਰ ਕੀਤਾ ਜਾਵੇ। ਇਹ ਸਮਾਂ ਵੀ ਆ ਗਿਆ।

ਸੰਨ ੧੮੭੧ ਨੂੰ ਗਊ ਹੱਤਿਆ ਦੇ ਮਾਮਲੇ ਵਿੱਚ ਅੰਮ੍ਰਿਤਸਰ ਰਾਇਕੋਟ ਆਦਿ ਥਾਵਾਂ ਤੇ ਬੁੱਚੜਾਂ ਨੂੰ ਕਤਲ ਕਰਕੇ ਕੁਝ ਕੂਕੇ ਸਿੱਖਾਂ ਨੇ ਅੰਗਰੇਜ਼ੀ ਸਰਕਾਰ ਨੂੰ ਖੁਲ੍ਹਾ ਚੈਲੰਜ ਦੇ ਦਿੱਤਾ।

ਆਪਣੇ ਉੱਚੇ ਚਰਿੱਤਰ ਦਾ ਮੁਜ਼ਾਹਰਾ ਕਰਦਿਆਂ ਕੂਕਿਆਂ ਨੇ ਤਾਂ ਗੁਰੂ ਰਾਮ ਸਿੰਘ ਜੀ ਦੇ ਆਦੇਸ਼ਾਂ ਤੇ ਚਲਦਿਆਂ ਅੰਮ੍ਰਿਤਸਰ ਅਦਾਲਤ ਵਿੱਚ ਪੇਸ਼ ਹੋ ਕੇ ਬੇਦੋਸ਼ਿਆਂ ਨੂੰ ਛੁਡਵਾ ਕੇ ਆਪ ਫ਼ਾਸੀ ਕਬੂਲ ਕੀਤੀ, ਪਰ ਦੂਸਰੇ ਬੰਨੇ ਰਾਇਕੋਟ ਕੇਸ ਵਿਚ ਇਕ ਨਾਮਧਾਰੀ ਸਿੰਘ ਨੂੰ ਬੇਦੋਸ਼ੇ ਨੂੰ ਹੀ ਫਾਹੇ ਲਾਇਆ ਗਿਆ। ਥੋਹੜੇ ਚਿਰ ਪਿਛੋਂ ਮਲੇਰਕੋਟਲੇ ਦਾ ਮਸ਼ਹੂਰ ਭਿਆਨਕ ਸਾਕਾ ਵਾਪਰ ਗਿਆ।

੧੭-੧੮ ਜਨਵਰੀ ੧੮੭੨ ਨੂੰ ਮਲੇਰਕੋਟਲੇ ਦੇ ਲਾਗਲੇ ਰੱਕੜ ਵਿੱਚ ਹਜ਼ਾਰਾਂ ਭੈ-ਭੀਤ ਲੋਕਾਂ ਦੀ ਭੀੜ ਸਾਹਮਣੇ ੬੫ ਨਾਮਧਾਰੀ ਸੂਰਬੀਰਾਂ ਨੂੰ ਤੋਪਾਂ ਦੇ ਗੋਲਿਆਂ ਨਾਲ ਉਡਾ ਦਿਤਾ ਗਿਆ। ਮਿਸਟਰ ਕਾਵਨ ਨੇ ਇਹ ਕਾਰਾ ਬਗੈਰ ਮੁਕੱਦਮਾ ਚਲਾਇਆ ਹੀ ਕੀਤਾ।

ਇਸੇ ਹੀ ਦਿਨ ਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਮੁਖੀ ਸੂਬਿਆਂ ਨੂੰ ਸ੍ਰੀ ਭੈਣੀ ਸਾਹਿਬ ਤੋਂ ਗ੍ਰਿਫਤਾਰ ਕਰ ਕੇ ਬੰਗਾਲ ਰੈਗੂਲੇਸ਼ਨ ਐਕਟ ੧੮੧੮ ਦੀ ਧਾਰਾ ਤਿੰਨ ਅਧੀਨ ਬਗੈਰ ਮੁਕੱਦਮਾ ਚਲਾਇਆਂ ਤੇ ਬਗੈਰ ਦੋਸ਼ ਸਾਬਤ ਕੀਤਿਆਂ ਬਰ੍ਹਮਾ ਦੇਸ਼ ਵਿਚ ਜਲਾਵਤਨ ਕੀਤਾ ਗਿਆ। ਨਾਮੀ-ਗਰਾਮੀ ਨਾਮਧਾਰੀ ਨੇਤਾਵਾਂ ਨੂੰ ਮੌਲਮੀਨ ਰੰਗੂਨ, (ਬਰ੍ਹਮਾ), ਅਦਨ (ਅਰਬ), ਚੁਨਾਰ, ਅਸੀਰਗੜ੍ਹ ਅਤੇ ਹਜ਼ਾਰੀ ਬਾਗ ਦੀਆਂ ਜੇਲ੍ਹਾਂ ਵਿਚ ਡੱਕਿਆ ਗਿਆ ਅਤੇ ਸਮੁਚਾ ਨਾਮਧਾਰੀ ਪੰਥ ਗੈਰ ਕਨੂੰਨੀ ਕਰਾਰ ਦੇ ਕੇ ਪਿੰਡ ਪਿੰਡ ਜਹੂ-ਬੰਦ ਕਰ ਦਿਤਾ ਗਿਆ। ਤਲਾਸ਼ੀਆਂ ਕੁਰਕੀਆਂ ਜੁਰਮਾਨਿਆਂ ਅਤੇ ਕੈਦਾਂ ਦਾ ਅਰੁਕ ਸਿਲਸਿਲਾ ਚਲ ਪਿਆ। ਗੁਰਦੁਆਰਾ ਭੈਣੀ ਸਾਹਿਬ ਦੇ ਦਰਾਂ ਮੂਹਰੇ ਪੰਜਾਹ ਸਾਲ ਤਕ ਪੁਲਿਸ ਦੀ ਸਪੈਸ਼ਲ ਚੌਂਕੀ ਕਾਇਮ ਰੱਖੀ ਗਈ।

ਗੁਰੂ ਰਾਮ ਸਿੰਘ ਦੇ ਪ੍ਰਦੇਸ ਗਵਨ ਬਾਦ ਕੂਕੇ ਉਹਨਾਂ ਨੂੰ ਮਿਲਣ ਬਰ੍ਹਮਾ ਜਾਂਦੇ ਤਾਂ ਰਾਹ ਵਿੱਚ ਸਮੁੰਦਰ ਵਿਚ ਡੋਬ ਦਿੱਤੇ ਜਾਂਦੇ। ਇਸ ਸਮੇਂ ਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਗੁਰੂ ਹਰੀ ਸਿੰਘ ਨੇ ਆਪਣਾ ਗੁਪਤ ਸੰਪਰਕ ਇਕ ਪਾਸੇ ਤਾਂ ਬਰ੍ਹਮਾ ਵਿਚ ਗੁਰੂ ਰਾਮ ਸਿੰਘ ਨਾਲ ਰਖਿਆ ਤੇ ਦੂਸਰੇ ਪਾਸੇ ਰੂਸੀ ਤੁਰਕਸਤਾਨ ਵੱਲ ਸੂਬਾ ਗੁਰਚਰਨ ਸਿੰਘ ਨੂੰ ਭੇਜਿਆ। ਇਸ ਸਮੇਂ ਹੀ ਕੂਕਿਆਂ ਨੇ ਪੰਜਾਬ ਦੇ ਜਲਾਵਤਨ ਮਹਾਰਾਜਾ ਦਲੀਪ ਸਿੰਘ ਤਕ ਵੀ ਇੰਗਲੈਂਡ ਵਿਚ ਪਹੁੰਚ ਕੀਤੀ ਤੇ ਉਸ ਨੂੰ ਦੇਸ਼ ਪਰਤਣ ਦਾ ਸੱਦਾ ਦਿੱਤਾ।

ਕੂਕਿਆਂ ਨੂੰ ਆਪਣੇ ਵੱਲ ਖਿੱਚਣ ਵਾਸਤੇ ਅੰਗਰੇਜ਼ ਨੇ ਜਤਨ ਕਰਦਿਆਂ ਗੁਰੂ ਹਰੀ ਸਿੰਘ ਦੀ ਨੂੰ ਲੰਗਰ ਵਾਸਤੇ ੨੫੦੦ ਏਕੜ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ, ਪਰ ਇਹ ਕਹਿੰਦਿਆਂ ਇਹ ਪੇਸ਼ਕਸ਼ ਠੁਕਰਾ ਦਿਤੀ ਕਿ "ਸਾਡਾ ਤਾਂ ਸਾਰਾ ਦੇਸ਼ ਹੈ, ਸਾਡੀ ਚੀਜ਼ ਸਾਨੂੰ ਹੀ ਦਾਨ ਕਰ ਰਹੇ ਹੋ?"

੧੯੧੪ ਦੀ ਵੱਡੀ ਜੰਗ ਵੇਲੇ ਭਰਤੀ ਦੇ ਹੱਕ ਵਿਚ ਮਦਦ ਦੇਣ ਦੇ ਬਦਲੇ ਅੰਗਰੇਜ਼ ਨੂੰ ਉਸ ਵਕਤ ਦੇ ਨਾਮਧਾਰੀ ਰਾਹਨੁਮਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੁੜ ਜ਼ਮੀਨ ਦੀ ਪੇਸ਼ਕਸ਼ ਕੀਤੀ, ਪਰ ਉਹਨਾਂ ਵੀ ਇਹ ਕਬੂਲ ਨਾ ਕੀਤੀ।

ਜਦੋਂ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨੇ ਗੁਰੂ ਰਾਮ ਸਿੰਘ ਦੇ ਰਸਤੇ ਤੇ ਚਲਦਿਆਂ ਨਾ-ਮਿਲਵਰਤਨ ਦੀ ਲਹਿਰ ਚਲਾਈ ਤਾਂ ਕੂਕੇ ਵੱਡੀ ਗਿਣਤੀ ਵਿੱਚ ਇਸ ਨਾਲ ਸ਼ਾਮਲ ਹੋ ਗਏ। ਮੋਰਚਿਆਂ ਦੇ ਡਿਕਟੇਟਰ ਰਹੇ ਅਤੇ ਪਿਕਟਿੰਗ ਕੀਤੀ।

੧੯੨੯ ਨੂੰ ਲਾਹੌਰ ਕਾਂਗਰਸ ਸੈਸ਼ਨ ਵਿਚ ਸੰਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ। ਇਸ ਸੈਸ਼ਨ ਦੀ ਸਫਲਤਾ ਵਾਸਤੇ ਕੂਕਿਆਂ ਲੰਗਰ ਦਾ ਪ੍ਰਬੰਧ ਕੀਤਾ ਅਤੇ ਜਲੂਸ ਵਾਸਤੇ ਘੋੜਿਆਂ ਦਾ ਪ੍ਰਬੰਧ ਕੀਤਾ।

'ਕੂਕਾ ਲਹਿਰ' ਨੇ ਹੋਰ ਦੇਸ਼ ਭਗਤ ਅੰਦੋਲਨਾਂ ਨੂੰ ਵੀ ਪ੍ਰਭਾਵਤ ਕੀਤਾ। ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਵੀ ਨਾਮਧਾਰੀ ਲਹਿਰ ਤੋਂ ਹੀ ਪ੍ਰੇਰਿਤ ਸਨ ਤੇ ਕਈ ਵਾਰ ਭੈਣੀ ਸਾਹਿਬ ਆ ਚੁਕੇ ਸਨ।

ਸੰਨ ੧੯੩੮ ਦੇ ਇਕ ਲੇਖ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ:

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਰ ਭੂਮੀ ਨੂੰ ਸੁਤੰਤਰਤਾ ਦਿਲਾਣ ਲਈ ਅੱਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਸ਼ਾਲੀ ਪ੍ਰੀਸ਼੍ਰਮ ਕੀਤਾ, ਉਸ ਦੀ ਮਹਾਨੰਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ।"

ਸੱਚਮੁਚ ਹੀ 'ਕੂਕਾ ਲਹਿਰ' ਦੀ ਆਜ਼ਾਦੀ ਅੰਦੋਲਨ ਤੇ ਡੂੰਘੀ ਛਾਪ ਹੈ। ●



Sri Satguru Jagjit Singh Ji eLibrary NamdhariElibrary@gmail.com

# ਬੇਮਿਸਾਲ ਕੁਰਬਾਨੀ

ਅੰਗਰੇਜ਼ ਹਾਕਮਾਂ ਨੇ ਨਾਮਧਾਰੀ ਲਹਿਰ ਨੂੰ ਦਬਾਉਣ ਖਾਤਰ ਇਸ ਪ੍ਰਕਾਰ ਦੀਆਂ ਸਖਤੀਆਂ ਕੀਤੀਆਂ, ਜਿਨ੍ਹਾਂ ਦੀ ਮਿਸਾਲ ਭਾਰਤ ਦੀ ਕਿਸੇ ਹੋਰ ਰਾਜਸੀ ਪਾਰਟੀ ਦੇ ਇਤਿਹਾਸ ਵਿੱਚ ਨਹੀਂ ਮਿਲਦੀ। ਗੁਰੂ ਰਾਮ ਸਿੰਘ ਜੀ ਦੇ ਨਾਮੀ ਸੂਬਿਆਂ ਨੂੰ ਦੇਸ-ਨਿਕਾਲਾ ਦੇਵਣ ਜਾਂ ਸੰਨ ੧੮੭੨ ਤੋਂ ੧੯੨੩ ਤੱਕ ੫੦ ਸਾਲ ਪੁਲਿਸ ਦੀ ਚੌਂਕੀ ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਅਤੇ ਉਹਨਾਂ ਤੋਂ ਪਿਛੋਂ ਗੁਰੂ ਪ੍ਰਤਾਪ ਸਿੰਘ ਜੀ ਦੀ ਰਿਹਾਇਸ਼ ਵਾਲੇ ਮਕਾਨ ਦੀ ਡਿਓੜੀ ਵਿੱਚ ਬੈਠੀ ਰਹੀ। ਅੰਦਰੋਂ ਬਾਹਰ ਜਾਣ ਵਾਲੇ ਅਤੇ ਬਾਹਰ ਤੋਂ ਅੰਦਰ ਆਵਣ ਵਾਲੇ ਹਰ ਇਕ ਇਸਤਰੀ ਮਰਦ ਦੀ ਤਲਾਸ਼ੀ ਲਈ ਜਾਂਦੀ। ਟੱਬਰ ਦੇ ਹਰ ਇਕ ਜੀਅ ਅਤੇ ਗੁਰਦੁਆਰੇ ਵਿੱਚ ਰਹਿਣ ਵਾਲੇ ਸਿੱਖ ਸੇਵਕ, ਇਸਤਰੀ ਮਰਦ ਨੂੰ ਭੈਣੀ ਸਾਹਿਬ ਤੋਂ ਬਾਹਰ ਜਾਵਣ ਲਈ ਸਰਕਾਰ ਤੋਂ ਇਜਾਜ਼ਤ ਲੈਣੀ ਪੈਂਦੀ ਅਤੇ ਦੋਨਾਂ ਥਾਵਾਂ ਦੇ ਥਾਣਿਆਂ ਵਿੱਚ ਆਉਣ ਜਾਣ ਦੀ ਇਤਲਾਹ ਦੇਣੀ ਪੈਂਦੀ। ਨਾਮਧਾਰੀਆਂ ਦੇ ਦੀਵਾਨਾਂ, ਮੇਲਿਆਂ, ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਉਣ ਦੇ ਸਮਾਗਮਾਂ, ਅਨੰਦ ਕਾਰਜਾਂ ਦੇ ਸਮਿਆਂ ਦੇ ਇਕੱਠਾਂ ਆਦਿ ਤੇ ੫੦ ਸਾਲ ਲਗਾਤਾਰ ਪਾਬੰਦੀਆਂ ਲੱਗੀਆਂ ਰਹੀਆਂ। ਜੇ ਕਿਤੇ ਸੁਤੇ-ਸਿਧ ਹੀ ੫ ਤੋਂ ਜ਼ਿਆਦਾ ਨਾਮਧਾਰੀ ਇਕੱਠੇ ਹੋ ਜਾਂਦੇ, ਤਦ ਪਕੜ ਲਏ ਜਾਂਦੇ। ਸਜ਼ਾਵਾਂ ਹੁੰਦੀਆਂ ਤੇ ਜੁਰਮਾਨੇ ਕੀਤੇ ਜਾਂਦੇ। ਇਸ ੫੦ ਸਾਲ ਦੇ ਅਰਸੇ ਵਿੱਚ ਸੈਂਕੜੇ ਨਾਮਧਾਰੀਆਂ ਨੂੰ ਛੋਟੇ ਛੋਟੇ ਅਪਰਾਧਾਂ ਦੇ ਬਹਾਨੀਂ ਜੇਲ੍ਹਾਂ ਦੀਆਂ ਸਜ਼ਾਵਾਂ ਹੋਈਆਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਜੁਰਮਾਨਿਆਂ ਵਿੱਚ ਕੁਰਕ ਅਤੇ ਨੀਲਾਮ ਕੀਤੀਆਂ ਗਈਆਂ। ਪੰਜਾਬ ਵਿੱਚ ਅਤੇ ਸਿੱਖ ਰਿਆਸਤਾਂ ਵਿੱਚ ਰਹਿਣ ਵਾਲੇ ਨਾਮਧਾਰੀ ਜੁਰਾਇਮ-ਪੇਸ਼ਾ ਜ਼ਾਤੀਆਂ ਵਾਂਕਰ ਆਪਣੇ ਪਿੰਡਾਂ ਵਿੱਚ ਹਦੂਦਬੰਦ ਸਨ।

—ਸ. ਨਾਹਰ ਸਿੰਘ ਇਤਿਹਾਸਕਾਰ
"ਨਾਮਧਾਰੀ ਇਤਿਹਾਸ" (ਪੰਨਾ ੨-੨)

*ਕਵਿਤਾ*

## ਸੂਰਮੇ ਮਰ ਕੇ ਵੀ ਨਹੀਂ ਮਰਦੇ !

—ਰਾਜ ਸਿੰਘ

ਕਹੇ ਹੀਰਾ ਸਿੰਘ ਕਾਵਨ ਨੂੰ
ਸੂਰਮੇ ਮਰ ਕੇ ਵੀ ਨੀ ਮਰਦੇ।
ਅਸੀਂ ਸਿੱਖ ਹਾਂ ਗੁਰੂ ਰਾਮ ਸਿੰਘ ਦੇ
ਤੇਰੀਆਂ ਤੋਪਾਂ ਤੋਂ ਨੀ ਡਰਦੇ।
ਅਸੀਂ ਕੱਢ ਕੇ ਗੋਰਿਆਂ ਨੂੰ
ਹਿੰਦੋਸਤਾਨ ਅਜ਼ਾਦ ਕਰਾਉਣਾ।
ਪਿਆ ਸੰਗਲ ਗੁਲਾਮੀ ਦਾ
ਭਾਰਤ ਮਾਂ ਦੇ ਗਲ 'ਚੋਂ ਲਾਹੁਣਾ।
ਅਸੀਂ ਇਨਕਲਾਬੀ ਹਾਂ
ਆਖ਼ਰੀ ਦਮ ਤੱਕ ਰਹਾਂਗੇ ਲੜਦੇ।
ਅਸੀਂ ਸਿੱਖ ਹਾਂ ਗੁਰੂ ਰਾਮ ਸਿੰਘ ਦੇ
ਤੇਰੀਆਂ ਤੋਪਾਂ ਤੋਂ ਨੀ ਡਰਦੇ।
ਲਾ ਬੂਟੇ ਅਣਖਾਂ ਦੇ
ਬੀਜੀ ਭਾਰਤ ਦੀ ਫੁਲਵਾੜੀ।
ਪਾ ਖ਼ੂਨ ਸ਼ਹੀਦਾ ਦਾ
ਆਪਣੇ ਰੂਪ ਦੇ ਨਾਲ ਸ਼ਿਗਾਰੀ।
ਅਸੀਂ ਸ਼ੇਰ ਪੰਜਾਬੀ ਹਾਂ,
ਕੁੱਤਿਆਂ ਬਿੱਲਿਆਂ ਤੋਂ ਨੀ ਡਰਦੇ।
ਅਸੀਂ ਸਿੱਖ ਹਾਂ ਗੁਰੂ ਰਾਮ ਸਿੰਘ ਦੇ
ਤੇਰੀਆਂ ਤੋਪਾਂ ਤੋਂ ਨੀ ਡਰਦੇ।
ਅਸੀਂ ਮਾਰਿਆਂ ਨਹੀਂ ਮੁਕਣਾ
ਪਾਪੀਆ ਨਾ ਕਰ ਪੁੱਠੇ ਕਾਰੇ।
ਤੋਪਾਂ ਨਾਲ ਰੁਕਣੇ ਨਹੀਂ
ਇਹ ਸਤਿ ਸ੍ਰੀ ਅਕਾਲ ਜੈਕਾਰੇ।
ਅਸੀਂ ਗੁਰੂ ਰਾਮ ਸਿੰਘ ਕੋਲੋਂ ਰਹੇ ਹਾਂ
ਸਬਕ ਮੌਤ ਦਾ ਪੜ੍ਹਦੇ।
ਅਸੀਂ ਸਿੱਖ ਹਾਂ ਗੁਰੂ ਰਾਮ ਸਿੰਘ ਦੇ
ਤੇਰੀਆਂ ਤੋਪਾਂ ਤੋਂ ਨੀ ਡਰਦੇ।
ਛੇਤੀ ਕਰ ਪਾਪੀਆ ਓਏ
ਅਸੀਂ ਚੁੰਮ ਗੋਲਾ ਛਾਤੀ ਵਿਚ ਖਾਣਾ।
ਖਾ ਗੋਲਾ ਛਾਤੀ ਤੇ ਆਪਣੇ
ਦੇਸ਼ ਦਾ ਫ਼ਰਜ਼ ਨਿਭਾਉਣਾ।
ਕਹੇ ਪੁੱਤਰ ਸ਼ਹੀਦਾਂ ਦਾ
ਲੋਕੀ ਯਾਦ ਰਹਿਣਗੇ ਕਰਦੇ।
ਅਸੀਂ ਸਿੱਖ ਹਾਂ ਗੁਰੂ ਰਾਮ ਸਿੰਘ ਦੇ
ਤੇਰੀਆਂ ਤੋਪਾਂ ਤੋਂ ਨੀ ਡਰਦੇ।

*('ਸਤਿਜੁਗ' ਦੇ ਧੰਨਵਾਦ ਸਹਿਤ)*



Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

***Pinoneer Manufacturer in India of***

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

***BBL Foods Pvt. LTD.***

*Santosh nagar (X) Roads, Hyderabad-500 059 India*

Ph.:— +91-40-4530680, 82,84 Fax:— +91-40-4530475

*E-mail: amber @hd1. vsnl. net. in*

**Balvinder Pal Singh**
*Manging Director*

**Lakhbir Singh Muchhal** *Director*
**Bakhshish Singh Muchhal** *Director*




Sri Satguru Jagjit Singh Ji eLibrary NamdhariElibrary@gmail.com

ਮਨਸੂਰ ਦੀ ਕਹਾਣੀ ਬਹੁਤ ਪੁਰਾਣੀ ਹੋ ਗਈ ਹੈ,
ਮੈਂ ਨਵੇਂ ਸਿਰਿਓਂ ਸੂਲੀ ਚੜ੍ਹਨ ਦਾ ਜਲਵਾ ਦਿਖਾਉਂਦਾ ਹਾਂ—*ਸਰਮਦ*

# ਮਲੇਰ ਕੋਟਲੇ ਰੱਕੜ ਵਿਚ ਸ਼ਹੀਦੀ

*—ਆਤਮਾ ਸਿੰਘ ਸਨਖਤ੍ਰਵੀ*

੨ ਮਾਘ ੧੯੨੮ ਸੰਮਤ ਵਾਲਾ ਦਿਨ ਸੀ ਜਦੋਂ ਮਸਤਾਨਿਆਂ ਨੇ ਆਪਣੀ ਯੋਜਨਾ ਅਨੁਸਾਰ ਅਕਾਲ ਬੁੰਗੇ ਤੋਂ ਅਰਦਾਸਾ ਕਰਕੇ ਮਲੇਰਕੋਟਲੇ ਹੱਲਾ ਕਰਨ ਲਈ ਚਾਲੇ ਪਾਏ। ਮਸਤਾਨਿਆਂ ਨੇ ਤੁਰਨ ਤੋਂ ਬਾਅਦ ਨੀਤੀ ਨਿਪੁੰਨ ਸ੍ਰੀ ਸਤਿਗੁਰੂ ਜੀ ਨੇ ਸੂਬੇ ਲੱਖਾ ਸਿੰਘ ਨੂੰ ਲੁਧਿਆਣੇ ਹੁਕਮ ਦੇ ਕੇ ਭੇਜਿਆ ਕਿ "ਕੁਝ ਮਸਤਾਨੇ ਸਾਡੇ ਰੋਕਣ ਦੇ ਬਾਵਜੂਦ ਮਲੇਰਕੋਟਲੇ ਵੱਲ ਚਲੇ ਗਏ ਹਨ, ਪਤਾ ਨਹੀਂ ਉਹ ਕੀ ਕਰਨਗੇ। ਸਰਕਾਰ



ਮੌਤ ਨੂੰ ਮਖੌਲਾਂ ਕਰਦਾ ਸ਼ਹੀਦ ਵਰਿਆਮ ਸਿੰਘ ਬਾਹੀਂ ਜੋੜਕੇ ਤੋਪ ਦਾ ਹਾਣੀ ਹੋਇਆ ਖੜ੍ਹਾ ਹੈ।

ਆਪਣਾ ਬੰਦੋਬਸਤ ਕਰ ਲਵੇ। ਸੂਬੇ ਲੱਖਾ ਸਿੰਘ ਜੀ ਨੂੰ, ਜੋ ਡੀ.ਸੀ. ਨੂੰ ਇਤਲਾਹ ਦੇਣ ਗਏ ਸਨ, ਵਾਪਸ ਸ੍ਰੀ ਭੈਣੀ ਸਾਹਿਬ ਆਉਣ ਹੀ ਨਾ ਦਿੱਤਾ ਤੇ ਗ੍ਰਿਫਤਾਰ ਕਰਕੇ ਲੁਧਿਆਣੇ ਹੀ ਰੱਖ ਲਿਆ।

ਮੇਲੇ ਸਮੇਂ ਆਏ ਹੋਏ ਮਲੌਦ ਦੇ ਸ੍ਰ. ਬਚਨ ਸਿੰਘ ਨੇ ਸ੍ਰੀ ਭੈਣੀ ਸਾਹਿਬ ਭਰੋਸਾ ਦਿੱਤਾ ਹੋਇਆ ਸੀ ਕਿ ਲੋੜ ਵੇਲੇ ਮੈਂ ਤੁਹਾਨੂੰ ਕੁਝ ਹਥਿਆਰ ਦੇਵਾਂਗਾ। ਇਸ ਭਰੋਸੇ ਉਤੇ ਇਹ ਸ਼ਹੀਦੀ ਜਥਾ ਮਲੇਰਕੋਟਲਾ ਜਾਣ ਤੋਂ ਪਹਿਲਾਂ ਮਲੌਦ ਪਹੁੰਚਾ, ਪਰ ਜਦੋਂ ਸ੍ਰ. ਨੂੰ ਪਤਾ ਲੱਗਾ ਕਿ ਇਹ ਮਲੇਰਕੋਟਲੇ ਜਾ ਰਹੇ ਹਨ, ਤਾਂ ਉਹ ਕਈ ਤਰ੍ਹਾਂ ਦੇ ਟਾਲ ਮਟੋਲੇ ਕਰਨ ਲੱਗਾ। ਸ੍ਰ. ਦੀਆਂ ਗੱਲਾਂ ਤੋਂ ਖਿਝ ਕੇ ਮਾਈ ਇੰਦ੍ਰ ਕੌਰ ਨੇ ਸ੍ਰ. ਦੀ ਪੁੜਪੁੜੀ ਤੇ ਪੁੱਠਾ ਸਫਾ ਜੰਗ ਜੜ ਦਿੱਤਾ, ਜਿਸ ਤੋਂ ਸ੍ਰ. ਦੇ ਕਿਲੇ ਵਿਚ ਰੌਲਾ ਪੈ ਗਿਆ। ਇਸ ਹਫੜਾ-ਦਫੜੀ ਵਿਚ ਕੁਝ ਸਿੰਘਾਂ ਨੂੰ ਵੀ ਸੱਟਾਂ ਲੱਗੀਆਂ ਤੇ ਸਗੋਂ ਭਾਈ ਨੰਦ ਸਿੰਘ (ਮਾਤਾ ਇੰਦਰ ਕੌਰ ਦਾ ਪਤੀ) ਕਿਲੇ ਵਿੱਚ ਹੀ ਸ਼ਹੀਦ ਹੋ ਗਿਆ ਤੇ ਸ੍ਰ. ਹੀਰਾ ਸਿੰਘ ਨੇ ਤਬੇਲੇ ਵਿਚੋਂ ਇਕ ਘੋੜਾ, ਖੋਹਲ ਕੇ ਉਸਤੇ ਸਵਾਰ ਹੋ ਕੇ ਇਕ ਪਾਸੇ ਵਲੋਂ ਡਿਗੀ ਹੋਈ ਕੰਧ ਵਲੋਂ ਜਦ ਨਿਕਲਿਆ ਤਾਂ ਬਾਕੀ ਦੇ ਸਿੰਘ ਵੀ ਸਰਦਾਰ ਦੇ ਨੌਕਰਾਂ ਨੂੰ ਮਾਰਦੇ ਮਰਾਉਂਦੇ ਉਸੇ ਗਲੇ ਰਾਹੀਂ ਬਾਹਰ ਨਿਕਲ ਗਏ। ਇਸ ਘਟਨਾ ਦੀ ਇਤਲਾਹ ਵੀ ਲੁਧਿਆਣੇ ਪੁੱਜ ਗਈ। ਇਸ ਜਥੇ ਨੇ ੩ ਮਾਘ ਦੀ ਰਾਤ ਦਾ ਕੁਝ ਸਮਾਂ ਰੱਬੋਂ ਪਿੰਡ ਕੁਝ ਚਿਰ ਅਰਾਮ ਕਰ ਕੇ ੪ ਮਾਘ ਨੂੰ ਪ੍ਰਭਾਤੰ ਵੇਲੇ ਮਲੇਰਕੋਟਲੇ ਤੇ ਥਾਣੇ ਵਾਲੇ ਪਾਸੇ ਵਲੋਂ ਹੱਲਾ ਬੋਲ ਦਿੱਤਾ ਅਤੇ ਥਾਣੇ ਦੇ ਕੁਝ ਸਿਪਾਹੀਆਂ ਤੇ ਥਾਣੇਦਾਰ ਨੂੰ ਸੋਧ ਕੇ ਚਿੜੀ-ਮਾਰਾਂ (ਜਿਥੇ ਕਸਾਈਆਂ ਦੇ ਘਰ ਸਨ) ਦੇ ਮਹੱਲੇ ਤੇ ਟੁੱਟ ਪਏ। ਇਸ ਹੱਲੇ-ਗੁੱਲੇ ਵਿਚ ਭਾਵੇਂ ਕੁਝ ਸਿੰਘ ਵੀ ਫੱਟੜ ਹੋਏ ਪਰ ਸ਼ਹੀਦ ਨਾ ਕੋਈ ਹੋਇਆ। ਸ੍ਰ. ਹੀਰਾ ਸਿੰਘ ਜੀ ਇਸ ਜਥੇ ਦੀ ਕਮਾਨ ਕਰ ਰਹੇ ਸਨ। ਭਾਵੇਂ ਸ਼ਹਿਰ ਵਿਚ ਹਿੰਦੂਆਂ ਦੀ ਵੀ ਕਾਫੀ ਅਬਾਦੀ ਸੀ, ਪਰ ਸਾਰਿਆਂ ਨੇ ਆਪੋ-ਆਪਣੇ ਦਰਵਾਜ਼ੇ ਬੰਦ ਕਰ ਲਏ ਤੇ ਅੰਦਰਾਂ ਵਿਚ ਵੜ ਗਏ।



Sri Satguru Jagjit Singh Ji eLibrary NamdhariElibrary@gmail.com

ਸ੍ਰ. ਹੀਰਾ ਸਿੰਘ ਦੀ ਆਗਿਆ ਅਨੁਸਾਰ ਸਿੰਘਾਂ ਨੇ ਔਰਤਾਂ, ਬੱਚਿਆਂ ਅਥਵਾ ਮੁਕਾਬਲਾ ਕਰ ਰਹੇ ਬੰਦਿਆਂ ਤੋਂ ਸਿਵਾਏ ਹੋਰ ਕਿਸੇ ਤੇ ਕੋਈ ਵਾਰ ਨ ਕੀਤਾ। ਇਸ ਹਮਲੇ ਸਮੇਂ ਸ਼ਹਿਰ ਦਾ ਇਕ ਵੱਡਾ ਬਹਾਦਰ ਸਮੁੰਦ ਖਾਂ ਪਠਾਣ ਘਰ ਨਹੀਂ ਸੀ, ਜਦ ਉਸਨੂੰ ਸਿੰਘਾਂ ਦੇ ਹੱਲੇ ਦਾ ਪਤਾ ਲੱਗਾ ਤਾਂ ਭਾਵੇਂ ਜਥਾ ਸ਼ਹਿਰੋਂ ਬਾਹਰ ਨਿਕਲ ਗਿਆ ਸੀ, ਪਰ ਸਮੁੰਦ ਖਾਂ ਘੋੜੇ ਨੂੰ ਦੌੜਾ ਕੇ ਭੂਤਨ ਦੇ ਥੇਹ ਉਤੇ ਆਣ ਮਿਲਿਆ ਤੇ ਲਲਕਾਰ ਕੇ ਆਖਿਆ, ਠਹਿਰ ਜਾਓ ਸਿੱਖੜਿਓ! ਹੁਣ ਮਖੀਰ ਨੂੰ ਛੇੜ ਕੇ ਕਿਧਰ ਜਾ ਰਹੇ ਹੋ? ਸਾਰੇ ਸਿੰਘ ਆਪੋ ਆਪਣੇ ਥਾਂ ਖਲੋ ਗਏ ਤੇ ਸ੍ਰ. ਹੀਰਾ ਸਿੰਘ ਘੋੜੇ ਤੇ ਅਸਵਾਰ ਪਠਾਣ ਵੱਲ ਵਾਪਸ ਆਇਆ ਤੇ ਆਉਂਦਿਆਂ ਹੀ ਪਠਾਣ ਨੂੰ ਵੰਗਾਰ ਕੇ ਪਹਿਲਾਂ ਵਾਰ ਕਰਨ ਵਾਸਤੇ ਆਖਿਆ। ਜਦ ਸਮੁੰਦ ਖਾਂ ਨੇ ਇਕਦਮ ਤਲਵਾਰ ਦਾ ਵਾਰ ਸ੍ਰ. ਉਤੇ ਕੀਤਾ ਤਾਂ ਸ੍ਰ. ਪਾਸ ਢਾਲ ਤਾਂ ਕੋਈ ਹੈ ਨਹੀਂ ਸੀ, ਝਟਪਟ ਖੱਬੀ ਬਾਂਹ ਅੱਗੇ ਕਰ ਦਿਤੀ ਤੇ ਪਠਾਣ ਦੀ ਤਲਵਾਰ ਨਾਲ ਸਿੰਘ ਦਾ ਹੱਥ ਗੁੱਟ ਤੋਂ ਕੱਟਿਆ ਗਿਆ, ਪਰ ਇਤਨੇ ਚਿਰ ਵਿਚ ਬੜੀ ਫੁਰਤੀ ਨਾਲ ਸ੍ਰ. ਜੀ ਨੇ ਘੋੜਾ ਅੱਗੇ ਕਰਕੇ ਆਪਣੀ ਤਲਵਾਰ ਨਾਲ ਪਠਾਣ ਦਾ ਸਿਰ ਧੜ ਨਾਲੋਂ ਜੁਦਾ ਕਰਕੇ ਰੱਖ ਦਿੱਤਾ।

ਬਾਕੀ ਦੇ ਸਿੰਘ ਜੈਕਾਰੇ ਗਜਾਉਂਦੇ ਰੜ ਪਿੰਡ ਦੇ ਇਕ ਖੂਹ ਉਤੇ ਆ ਕੇ ਬੈਠ ਗਏ ਅਤੇ ਹੱਲੇ ਵਿਚ ਹੋਏ ਜ਼ਖਮੀ ਕੋਈ ੨੯-੩੦ ਸਿੰਘਾਂ ਨੂੰ ਸ੍ਰ. ਜੀ ਨੇ ਪੱਟੀਆਂ ਕਰਨ ਲਈ ਆਖਿਆ ਅਤੇ ਆਪਣਾ ਟੁੰਡ ਤਪਦੇ ਤੇਲ ਵਿਚ ਪਾ ਕੇ ਤਲਿਆ। ਕੁਝ ਸਿੰਘ ਲੰਗਰ ਸਜਾਉਣ ਲਗ ਪਏ। ਸਰਕਾਰੀ ਰਿਪੋਰਟ ਅਨੁਸਾਰ ਭਾਈ ਗੁਰਦਿੱਤ ਸਿੰਘ, ਹੀਰਾ ਸਿੰਘ, ਬਿਸ਼ਨ ਸਿੰਘ, ਹਰਨਾਮ ਸਿੰਘ, ਸੁੰਦਰ ਸਿੰਘ ਤੇ ਕਰਮ ਸਿੰਘ ਏਸੇ ਨਗਰ (ਰੜ) ਦੇ ਹੀ ਸਨ। ਇਤਨੇ ਚਿਰ ਤਕ ਪਿੰਡ ਦੇ ਨੰਬਰਦਾਰ ਅਤਰ ਸਿੰਘ ਨੇ ਸ਼ੇਰਪੁਰ ਦੇ ਥਾਣੇ ਦੇ ਏਥੇ ਬੈਠਣ ਦੀ ਇਤਲਾਹ ਦਿੱਤੀ। ਜਿਸਦੇ ਨਤੀਜੇ ਵਜੋਂ ਨਿਆਜ਼ ਅਲੀ ਤਿੰਨ ਸਿਪਾਹੀ ਨਾਲ ਲੈ ਕੇ ਜਥੇ ਪਾਸ ਪਹੁੰਚ ਗਿਆ। ੩-੪ ਵਜੇ (ਲੌਢੇ ਵੇਲੇ) ਦਾ ਵਕਤ ਸੀ। ਜਿਥੇ ਪੁਲਿਸ ਦੇ ਕਰਮਚਾਰੀਆਂ ਤੇ ਆਮ ਵੇਖਣ ਵਾਲੇ ਲੋਕਾਂ ਨੂੰ ਖਿਆਲ ਸੀ ਕਿ ਸਿੰਘ ਪੁਲਸ ਤੇ ਵੀ ਹਮਲਾ ਕਰਨਗੇ, ਉਥੇ ਸਭ ਕੁਝ ਇਸਦੇ ਉਲਟ ਹੋਇਆ। ਸ੍ਰ. ਹੀਰਾ ਸਿੰਘ ਜੀ ਨੇ ਸਾਰੇ ਜਥੇ ਨੂੰ ਸੰਬੋਧਨ ਕਰਦਿਆਂ ਬਚਨ ਕੀਤਾ, ਸਿੰਘੋ ਬਹਾਦਰੋ! ਅਸਾਂ ਜਿਤਨਾਂ ਕੁ ਕੰਮ ਕਰਨਾ ਸੀ, ਉਹ ਕਰ ਲਿਆ ਹੈ ਹੁਣ ਅੱਗੇ ਸ਼ਹੀਦੀਆਂ ਦੇਣ ਵਾਲਾ ਪ੍ਰੋਗ੍ਰਾਮ ਹੋਵੇਗਾ। ਜਿਸਨੇ ਕਾਰ ਵਿਹਾਰ ਕਿਧਰੇ ਜਾਣਾ ਹੋਵੇ, ਬੜੀ ਖੁਸ਼ੀ ਨਾਲ ਚਲਾ ਜਾਵੇ। ਇਸ ਐਲਾਨ ਨਾਲ ਕੁਝ ਸਿੰਘ ਉਠਕੇ ਪਿੰਡਾਂ ਵੱਲ ਚਲੇ ਗਏ। ਸ੍ਰ. ਜੀ ਨੇ ਨਾਜ਼ਮ ਨੂੰ ਆਖਿਆ ਕਿ ਜਿਹੜੇ ਸਿੰਘ ਜਾਂਦੇ ਹਨ। ਇਨ੍ਹਾਂ ਕੁ ਕੁਝ ਨਾਂ ਆਖਣਾ। ਅਸੀਂ ਤੁਹਾਡੇ ਨਾਲ ਜਾਣ ਨੂੰ ਬਿਲਕੁਲ ਤਿਆਰ ਹਾਂ। ਤੁਰ ਜਾਣ ਵਾਲੇ ਸਿੰਘਾਂ ਤੋਂ ਬਗੈਰ ੬੬ ਸਿੰਘ ਤੇ ਦੋ ਮਾਈਆਂ (ਮਾਤਾ ਇੰਦਰ ਕੌਰ ਤੇ ਮਾਤਾ ਖੇਮ ਕੌਰ) ਸਨ। ਸ੍ਰ. ਜੀ ਨੇ ਸਭ ਨੂੰ ਕਮਰ ਕੱਸੇ ਕਰਨ ਦਾ ਆਰਡਰ ਦਿੱਤਾ ਤੇ ਅਰਦਾਸਾ ਕਰ ਜੈਕਾਰੇ ਛੱਡਦੇ ਹੋਏ ਅੱਗੇ ਅੱਗੇ ਨਾਜ਼ਮ ਤੇ ਮਗਰ ਮਗਰ ੬੬ ਸੂਰਮੇ ਤੇ ਧਰਮੀ ਸਿੰਘ ਤੇ ਮਾਈਆਂ। ਇਨ੍ਹਾਂ ਦੇ ਪਿਛੇ ਤਿੰਨ ਪੁਲਿਸ ਦੇ ਸਿਪਾਹੀ ਸ਼ੇਰਪੁਰ ਥਾਣੇ ਨੂੰ ਤੁਰ ਪਏ ਤੇ ਕਾਫੀ ਹਨੇਰੇ ਥਾਣੇ ਪਹੁੰਚੇ। ਪੁਲਿਸ ਵਾਲੇ ਕਰਮਚਾਰੀ ਤੇ ਆਮ ਵੇਖਣ ਵਾਲੇ ਲੋਕ ਸਿੰਘਾਂ ਦੀ ਇਸ ਦਲੇਰੀ ਤੋਂ ਅਤੇ ਬਿਲਕੁਲ ਸ਼ਾਂਤ ਚਿਤ ਰਹਿਣ ਤੋਂ ਹੈਰਾਨ ਹੋ ਰਹੇ ਸਨ।

ਉਧਰ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿ. ਕਾਵਨ ਨੇ ਬੀਤੇ ਦਿਨ ਵਿਚ ਪਟਿਆਲੇ, ਜੀਂਦ, ਸੰਗਰੂਰ ਆਦਿਕ ਰਿਆਸਤੀ ਰਾਜਿਆਂ ਨੂੰ ਆਪੋ ਆਪਣੀਆਂ ਤੋਪਾਂ ਲੈ ਕੇ ਛੇਤੀ ਤੋਂ ਛੇਤੀ ਮਲੇਰਕੋਟਲੇ ਦੇ ਰੱਕੜ ਵਿਚ ਪਹੁੰਚਣ ਦਾ ਹੁਕਮ ਦੇ ਦਿੱਤਾ ਹੋਇਆ ਸੀ ਤੇ ਦਿਨ ਚੜ੍ਹਦੇ ਨੂੰ ਨੌਂ ਤੋਪਾਂ ਸਿੱਖ ਰਿਆਸਤਾਂ ਦੀਆਂ ਮਲੇਰਕੋਟਲੇ ਦੇ ਰੱਕੜ ਵਿੱਚ ਪਹੁੰਚ ਚੁੱਕੀਆਂ ਸਨ।

੫ ਮਾਘ ੧੯੨੯ ਵਾਲੇ ਦਿਨ ਸਾਰੇ ਸਿੰਘਾਂ ਨੂੰ ਗੱਡਿਆਂ ਤੇ ਬੈਠਾਲ ਕੇ ਹੋ ਰਹੀ ਬੂੰਦਾਂਬਾਂਦੀ ਅਤੇ ਸਖ਼ਤ ਸਰਦੀ ਦੇ ਬਾਵਜੂਦ ਸ਼ੇਰਪੁਰ ਤੋਂ ਇਸ ਰੱਕੜ ਵਿਚ ਲਿਆਂਦਾ ਗਿਆ ਤੇ ਸ਼ਹਿਰ ਵਿਚ ਸਭ ਲੋਕਾਂ ਨੂੰ ਰੱਕੜ ਵਿਚ ਘਟਨਾ ਨੂੰ ਵੇਖਣ ਵਾਸਤੇ ਢੰਡੋਰਾ ਦਿੱਤਾ ਗਿਆ।

ਸਿੰਘ ਇਹ ਸਾਰਾ ਪ੍ਰੋਗ੍ਰਾਮ ਹੁੰਦਾ ਵੇਖ ਕੇ ਉਚੀ ਉਚੀ ਸ਼ਬਦ ਪੜਦੇ ਤੇ ਜੈਕਾਰੇ ਬੁਲਾ ਰਹੇ ਸਨ। ਸਭ ਤੋਂ ਪਹਿਲਾਂ ਸ. ਹੀਰਾ ਸਿੰਘ ਲਹਿਣਾ ਸਿੰਘ ਜੀ ਹੋਰਾਂ ਸਿੰਘਾਂ ਸਮੇਤ ਸੱਤਾਂ ਤੋਪਾਂ ਦੀ ਸਲਾਮੀ ਲੈਣ ਵਾਸਤੇ (ਇਕ ਛੱਪੜੀ ਵਿਚੋਂ) ਸਣੇ ਬਸਤਰਾਂ ਇਸ਼ਨਾਨ ਕਰਕੇ ਤੋਪਾਂ ਮੂਹਰੇ ਆ ਖਲੋਤੇ ਅਤੇ ਪ੍ਰਲੋਕ ਗਮਨ ਕਰਨ ਦਾ ਅਰਦਾਸਾ ਕਰਨ ਲੱਗੇ। ਭਾਵੇਂ ਕਾਵਨ ਦੇ ਆਰਡਰ ਨਾਲ ਤੋਪਚੀਆਂ ਨੇ ਤਿੰਨ ਵਾਰ ਤੋਪਾਂ ਦਾਗੀਆਂ, ਪਰ ਉਹ ਪਲੀਤਾ ਚੱਟ ਜਾਂਦੀਆਂ ਰਹੀਆਂ ਤੇ ਤਿੰਨੇ ਵਾਰ ਖਾਲੀ ਗਏ। ਅਰਦਾਸੇ ਦੀ ਸਮਾਪਤੀ ਤੇ ਜੈਕਾਰੇ ਬੁਲਾ ਕੇ ਸ. ਨੇ ਆਖਿਆ "ਭਾਵੇਂ ਤੇਰਾ ਕਾਨੂੰਨ ਤਿੰਨ ਵੇਰਾਂ ਤੋਪਾਂ ਦਾ ਵਾਰ ਕਰ ਲੈਣ ਉਪ੍ਰੰਤ ਤੋਪਾਂ ਚਲਾਉਣ ਦੀ ਇਜਾਜ਼ਤ ਨਹੀਂ ਦਿੰਦਾ, ਪਰ ਅਸੀਂ ਏਥੇ ਸ਼ਹੀਦੀਆਂ ਦੇਣ ਆਏ ਹਾਂ, ਅਸਾਂ ਆਪਣੇ ਜੀਵਨ ਦਾ ਆਖਰੀ ਅਰਦਾਸਾ ਕਰਨਾ ਸੀ ਸੋ ਕਰ ਲਿਆ ਹੈ, ਹੁਣ ਤੂੰ ਬੇਸ਼ਕ ਤੋਪਚੀਆਂ ਨੂੰ ਹੁਕਮ ਦੇ ਦੇ, ਅਸੀਂ ਬਿਲਕੁਲ ਅਡੋਲ ਤੋਪ ਦੇ ਵਾਰਾਂ ਨੂੰ ਜੀ ਆਇਆ ਆਖਾਂਗੇ।" ਫਿਰ ਕੀ ਸੀ ੭ ਤੋਪਾਂ ਅੱਗੇ ਕ੍ਰਮਵਾਰ ਧਰਮੀ ਸਿੰਘ ੭ ਵਾਰੀ ੭-੭ ਦੇ ਜਥੇ ਵਿਚ ਆ ਕੇ ਸ਼ਹੀਦ ਹੋ ਗਏ। ਪਰ (ਕਾਕਾ ਬਿਸ਼ਨ ਸਿੰਘ ਦੀ ਵਾਰੀ) ਫਿਰ ਰੁਕਾਵਟ ਇਸ ਵਾਸਤੇ ਪੈ ਗਈ ਕਿ ਕਾਵਨ ਦੀ ਮੇਮ ੧੨ ਸਾਲ ਦੇ ਬੱਚੇ ਨੂੰ ਵੇਖ ਕੇ ਮਮਤਾ ਅਧੀਨ ਹੋ ਕੇ ਕਾਵਨ ਨੂੰ ਕਹਿਣ ਲੱਗੀ, "ਇਸ ਮਾਸੂਮ ਬੱਚੇ ਨੂੰ ਨਾ ਮਾਰੋ, ਇਸਨੇ ਕਿਹੜਾ ਕੋਈ ਜ਼ੁਲਮ ਕੀਤਾ ਹੋਵੇਗਾ।" ਕਾਵਨ ਨੇ ਸਿਪਾਹੀ ਨੂੰ ਸੱਦ ਕੇ ਆਖਿਆ, "ਇਸ ਬੱਚੇ ਨੂੰ ਜਾ ਕੇ ਆਖੋ ਕਿ ਇਹ ਕਹਿ ਦੇਵੇ ਕਿ ਮੈਂ ਰਾਮ ਸਿੰਘ ਦਾ ਸਿੱਖ ਨਹੀਂ, ਮੇਮ ਸਾਹਿਬ ਦੇ ਕਹਿਣ 'ਤੇ ਇਸਨੂੰ ਹੁਣੇ ਹੀ ਛੱਡ ਦਿੱਤਾ ਜਾਵੇਗਾ।" ਸਿਪਾਹੀ ਨੇ ਜਦ ਬਿਸ਼ਨ ਸਿੰਘ ਬਾਲਕ ਨੂੰ ਕਾਵਨ ਦਾ ਇਹ ਸੁਨੇਹਾ


Sri Satguru Jagjit Singh Ji eLibrary NamdhariElibrary@gmail.com

ਦਿੱਤਾ ਤਾਂ ਬਾਲਕ ਬਿਸ਼ਨ ਸਿੰਘ ਨੇ ਕਹਿ ਭੇਜਿਆ ਕਿ "ਇਹ ਗੱਲ ਮੈਂ ਉਸ ਦੇ ਕੰਨ ਵਿੱਚ ਦੱਸਾਂਗਾ, ਉਹ ਆਪੇ ਆਵੇ।" ਜਦ ਕਾਵਨ ਨੇੜੇ ਹੋ ਕੇ ਬਿਸ਼ਨ ਸਿੰਘ ਜੀ ਤੋਂ ਗੱਲ ਸੁਣਨ ਲਈ ਅੱਗੇ ਵਧਿਆ ਤਾਂ ਸੂਰਬੀਰ ਬਹਾਦਰ ਧਰਮੀ ਤੇ ਅਣਖੀ ਬੱਚੇ ਨੇ ਕਾਵਨ ਦੀ ਲੰਬੀ ਦਾੜ੍ਹੀ ਨੂੰ ਮਰੋੜਾ ਚਾੜ੍ਹਦਿਆਂ ਆਖਿਆ, "ਬਿੱਲਿਆ ਉਹ ਗੱਲ ਮੁੜਕੇ ਆਖ!" ਜਦ ਕਾਵਨ ਦੀਆਂ ਅੱਖੀਆਂ ਬਾਹਰ ਆਉਣ ਲੱਗੀਆਂ ਤਾਂ ਪਾਸ ਖਲੋਤੇ ਇਕ ਸਿੱਖ ਫੌਜੀ ਨੇ ਬਿਸ਼ਨ ਸਿੰਘ ਜੀ ਦੇ ਦੋਵੇਂ ਗੁੱਟ ਪਹਿਲਾਂ ਤਲਵਾਰ ਮਾਰ ਕੇ ਕੱਟ ਕੇ ਉਸਦੇ ਹੱਥਾਂ ਵਿਚੋਂ ਕਾਵਨ ਦੀ ਦਾੜ੍ਹੀ ਕੱਢੀ, ਫਿਰ ਦੂਸਰਾ ਵਾਰ ਕਰ ਕੇ ਤਲਵਾਰ ਨਾਲ ਸੂਰਮੇ ਦਾ ਸਿਰ ਕਲਮ ਕਰ ਦਿੱਤਾ। ਐਸੇ ਤਰ੍ਹਾਂ ਦੂਜੇ ਦਿਨ ਸੋਲਾਂ ਸਿੱਖਾਂ ਨੂੰ ਤੋਪਾਂ ਨਾਲ ਉਡਾਏ ਜਾਣ ਵੇਲੇ ਭਾਈ ਵਰਿਆਮ ਸਿੰਘ ਮਰਾਜ ਵਾਲਿਆਂ ਦੀ ਸ਼ਹੀਦੀ ਸਮੇਂ ਵੀ ਅਜਿਹੀਆਂ ਰੁਕਾਵਟਾਂ ਆਈਆਂ। ਪਰ ਸਤਿਗੁਰੂ ਰਾਮ ਸਿੰਘ ਜੀ ਦੇ ਧਰਮੀ, ਅਣਖੀ ਤੇ ਦੇਸ਼ ਭਗਤ ਸਿੱਖਾਂ ਨੇ ਸਾਰੀਆਂ ਰੁਕਾਵਟਾਂ ਹਟਾ ਕੇ ਹਸੂੰ ਹਸੂੰ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸੇ ਅਦੁੱਤੀ ਕਾਰਨਾਮੇ ਦਾ ਅੱਖੀਂ ਡਿੱਠਾ ਹਾਲ ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼ ੬' ਦੇ ਪੰਨੇ ੫੧੮ ਉਤੇ ਇਸ ਤਰ੍ਹਾਂ ਵਰਣਨ ਕਰਦੇ ਹਨ—

ਦੋਹਰਾ:

ਉਨ ਸਿੰਘਨ ਕਾ ਹਾਲ ਤੋ ਲਿਖਯਾ
ਜਾ ਕਿਤਾਬੋਂ ਮਾਂਹਿ
ਹਮ ਨਿਜ ਨੈਨ ਜੋ ਪੇਖਿਓ
ਸੋ ਅਬ ਸਾਚ ਸੁਨਾਹਿ
ਸੰਮਤ ਉਨੀ ਸੈ ਅਠਾਈ
ਕੂਕੇ ਸਿੰਘ ਮਿਲੇ ਤਬ ਆਈ
ਜੋ ਬੂਚੜ ਗਊਆਂ ਥੇ ਮਾਰਤ
ਤਿਨ ਕੋ ਸੋ ਸਿੰਘ ਭਏ ਬਿਦਾਰਤ
ਜਬ ਸਿੰਘ ਸਾਦਿਕ ਪਕੜੇ ਗਏ
ਫੜਕੇ ਮੇਲਰਕੋਟਲੇ ਆਏ
ਉਨ ਹਿਤ ਹੁਕਮ ਅੰਗ੍ਰੇਜ਼ੀ ਆਯੋ
ਇਨ ਕੋ ਤੋਪੋਂ ਸੰਗ ਉਡਾਯੋ।
ਜਬ ਇਹ ਹੁਕਮ ਉਨਾਂ ਸੁਨ ਪਾਯੋ
ਖੁਸ਼ੀ ਭਏ ਅਤਿ ਹੀ ਹਰਖਾਯੋ।
ਮੁਖ ਪਰ ਲਾਲੀ ਚੜ੍ਹੀ ਬਧੇਰੇ
ਗਾਵਤ ਗੁਰ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋ ਆਏ ਪਤੰਗੇ
ਤਿਉਂ ਤੋਪਨ ਦਿਸ ਜਾਏ ਨਿਸੰਗੇ।
ਉਡੇ ਖੁਸ਼ੀ ਹ੍ਵੈ ਹੈ ਕਰ ਸਾਰੇ
ਜ਼ਰਾ ਨ ਕੀਤੇ ਪ੍ਰਾਨ ਪਿਆਰੇ।
ਇਹ ਹਮਨੇ ਖੁਦ ਨੈਨ ਨਿਹਾਰੇ
ਦੇਖਤ ਭਯੋ ਜੋ ਲੋਗ ਅਪਾਰੇ।
ਹੋਏ ਹੈਰਾਨ ਤਿਹ ਪਿਖ ਕੈ ਸਾਰੇ।

ਜਦੋਂ ਕਿ ਇਸ ਦੁਰਘਟਨਾ ਤੋਂ ਪਹਿਲਾਂ ਗਿਆਨੀ ਜੀ ਇਸ ਇਤਿਹਾਸ ਦਾ ਸੰਕੇਤਕ ਹਾਲ ਇੰਞ ਲਿਖਦੇ ਹਨ—

ਯਦਪਿ ਪੁਜਾਰੀਓ ਵਿਰੋਧੀ ਇਕ ਕੇਰਥਯੋ
ਤੋ ਭੀ ਉਭੈ ਪੰਥ ਸੇ ਬਢਾਏ ਗੁਰ ਨੇ ਘਨੇ।
ਸੁਨੋ ਅਬ ਧਰਮ ਕੇ ਹੇਤ ਸਿਰ ਦੈ ਕੇ ਕੂਕ
ਧਰਮੀ ਸ਼ਹੀਦਾਂ ਮੈ ਗਏ ਜਿਮ ਹੈਂ ਗਨੇ।
ਸੰਮਤ ਉਨੀਸ ਬੀਸ ਤੀਸ ਕੇ ਵਕਤ ਮਧ
ਠੌਰ ਠੌਰ ਧੇਨ ਬਧ ਹੋਣ ਲਗਯੋ ਥੇ ਘਨੇ।
ਦੇਖ ਦੇਖ ਹਿੰਦੂ ਸਭ ਹੋਏ ਦੁਖਿਆਰੇ ਭਾਰੇ
ਚਾਰਾਜੋਈ ਸਰਕਾਰ ਸੰਗ ਕੋਈ ਨ ਬਨੇ।

ਉਸ ਵਕਤ ਵਧ ਰਹੇ ਜ਼ੁਲਮ ਨੂੰ ਵੇਖ ਕੇ:

ਹਿੰਮਤ ਕਮਰ ਬਾਂਧ ਨਾਮਧਾਰੀ ਸਿੰਘੋ ਤਬ
ਬੂਚੜ ਬਿਦਾਰੇ ਹਤਿਯਾਰੇ ਬਹੁ ਠੌਰ ਪੈ।
ਸੁਧਾ ਸਰ ਆਦਿ ਠੌਰ ਹਿੰਦੂ ਨਾਮੀ ਗ੍ਰਾਮੀ
ਅੰਗ੍ਰੇਜ਼ੋ ਗਹਿ ਕੈ ਦੁਖਯਾਰੇ ਕੀਨੇ ਗੌਰ ਪੈ।
ਦੈਨ ਲਾਗੇ ਫਾਂਸੀ ਜਾਇ ਆਏ ਤਬ ਖ਼ੁਦ ਕੂਕੇ ਤਬ
ਕਾਤਲ ਸਬੂਤ ਆਪ ਥੀਏ ਸਭ ਤੌਰ ਪੈ।
ਖੁਸ਼ੀ ਹੋਏ ਦਏ ਸੀਸ ਗਏ ਈਸ ਲੋਕ ਮਾਂਹਿ
ਕੋਟਲੇ ਮਲੇਰ ਫੇਰ ਥਯੋ ਸਾਕਾ ਔਰ ਪੈ।

ਅਥਵਾ—

"ਕੂਕੇ ਸਿੰਘ ਸਾਦਕੋ ਨੇ ਠਾਟ ਕੇ ਮਰਨ ਤਬ
ਮਾਰ ਕੇ ਕਸਾਈਆਂ ਕੋ ਗਾਈਆਂ ਬਚਾਈਆਂ।
ਕੋਟਲੇ ਕੀ ਤੁਰਕਾਨੀ ਤੇ ਪਠਾਨੀ ਫੌਜ ਸਭ
ਸਿੰਘਨ ਸੈ ਲਰੀ ਇਨ ਮਾਰ ਕੇ ਹਟਾਈਆਂ।
ਫੌਜ ਪਟਿਆਲੇ ਨੈ ਬਿਸਾਲੇ ਜਾ ਕੇ ਦਗੇ ਸੰਗ
ਕਸਮੈਂ ਉਠਾਏ ਲਿਆਏ ਦੀਏ ਪਕਰਾਈਆਂ।
ਉਡੇ ਸੋਊ ਤੋਪ ਆਗੇ ਅਨੁਰਾਗੇ ਸ਼ਬਦੋ ਮੈ
ਖੁਸ਼ੀ ਹੋਏ ਬਡਭਾਗੇ ਧਰਮ ਹਿਤਾਈਆਂ।"

ਕਾਸ਼! ਗਿਆਨੀ ਗਿਆਨ ਸਿੰਘ ਜੀ ਵਲੋਂ ਲਿਖਿਆ ਮਲੇਰਕੋਟਲੇ ਦੇ ਸ਼ਹੀਦਾਂ ਦਾ ਇਹ ਅੱਖੀਂ ਵੇਖ ਕੇ ਲਿਖਿਆ ਅਦੁੱਤੀ ਕਾਰਨਾਮਾ ਉਹ ਗੈਰ ਨਾਮਧਾਰੀ ਲੇਖਕ ਵੀ ਪੜ੍ਹਿਆ ਕਰਨ, ਜਿਹੜੇ ਬਿਨਾਂ ਕਿਸੇ ਸੋਚੇ ਸਮਝੇ ਅੱਜ ਵੀ ਕਈ ਵਾਰੀ ਲਿਖਦੇ ਰਹਿੰਦੇ ਹਨ ਕਿ ਦੇਸ਼ ਆਜ਼ਾਦੀ ਦੀ ਜੰਗ ਵਿੱਚ ਕੂਕੇ ਸਿਖ ਮਲੇਰਕੋਟਲੇ ਤੋਪਾਂ ਨਾਲ ਬੰਨ੍ਹ ਕੇ ਉਡਾਏ ਗਏ। ਜਦਕਿ ਇੰਞ ਲਿਖਣਾ ਕੇਵਲ ਇਤਿਹਾਸਕ ਗਲਤੀ ਹੀ ਨਹੀਂ ਇਕ ਇਖਲਾਕੀ ਗੁਨਾਹ ਹੈ।



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ-ਗਮਨ

ਯਾਦ ਰਹੇ ਕਿ ਜਦੋਂ ਇਹ ਮਸਤਾਨੇ ਸਿੰਘ ਸ਼ਹੀਦੀ ਗਾਨੇ ਬੰਨ੍ਹ ਕੇ ਸ੍ਰੀ ਭੈਣੀ ਸਾਹਿਬ ਤੋਂ ਮਲੇਰਕੋਟਲੇ ਨੂੰ ਰਵਾਨਾ ਹੋਏ, ਸ੍ਰੀ ਸਤਿਗੁਰੂ ਜੀ ਨੇ ਜਿਥੇ ਇਨ੍ਹਾਂ ਦੇ ਤੁਰਨ ਤੇ ਪ੍ਰੋਗ੍ਰਾਮ ਦੀ ਇਤਲਾਹ ਸੂਬੇ ਲੱਖਾ ਸਿੰਘ ਰਾਹੀਂ ਲੁਧਿਆਣੇ ਡੀ.ਸੀ. ਕਾਵਨ ਨੂੰ ਭੇਜ ਦਿੱਤੀ ਕਿ ਸਰਕਾਰ ਇਹਨਾਂ ਦਾ ਪ੍ਰਬੰਧ ਕਰ ਲਵੇ, ਉਥੇ ਉਸੇ ਵਕਤ ਤੋਂ ਹੀ ਨਿੱਜੀ ਤੌਰ ਤੇ ਮਸਤਾਨਿਆਂ ਦੇ ਪ੍ਰੋਗ੍ਰਾਮ ਬਾਬਤ ਸਾਰੀ ਜਾਣਕਾਰੀ ਜਾਨਣ ਵਾਸਤੇ ਸੂਬਾ ਸਾਹਿਬ ਸਿੰਘ ਆਪਣੇ ਢੰਗ ਨਾਲ ਸੂਹੀਏ ਸਿੰਘਾਂ ਦੁਆਰਾ ਘੜੀ ਘੜੀ ਦਾ ਹਾਲ ਪ੍ਰਾਪਤ ਕਰਕੇ ਸੱਚੇ ਪਾਤਸ਼ਾਹ ਅੱਗੇ ਅਰਜ਼ ਕਰਦਾ। ਜਿਸ ਦਿਨ ਮਸਤਾਨੇ ਮਲੇਰਕੋਟਲੇ ਦਾ ਕਾਰਨਾਮਾ ਕਰਕੇ ਸ਼ੇਰਪੁਰ ਥਾਣੇ ਤੋ ੫ ਮਾਘ ਨੂੰ ਮਲੇਰਕੋਟਲੇ ਲਿਆਉਣ ਦੀ ਖਬਰ ਸੱਚੇ ਪਾਤਸ਼ਾਹ ਨੇ ਸੁਣੀ ਤਾਂ ਉਸ ਵਕਤ ਸੂਬਾ ਸਾਹਿਬ ਸਿੰਘ ਜੀ, ਸੂਬਾ ਕਾਨ ਸਿੰਘ, ਬਾਬਾ ਜਵਾਹਰ ਸਿੰਘ ਆਦਿਕ ਕੁਝ ਸਿੰਘਾਂ ਸਮੇਤ ਘੋੜਿਆਂ ਤੇ ਸਵਾਰ ਹੋ ਕੇ ਸਿਆੜ੍ਹ ਪਿੰਡ ਭਾਈ ਬੇਲਾ ਸਿੰਘ ਦੇ ਘਰ ਪਹੁੰਚ ਗਏ। ਸ੍ਰੀ ਸਤਿਗੁਰੂ ਜੀ ਦੇ ਸਿਆੜ੍ਹ ਪਿੰਡ ਪਹੁੰਚਣ ਤਕ ਮਲੇਰਕੋਟਲੇ ਮਾਰੂ ਤੋਪਾਂ ਦਾ ਪ੍ਰਬੰਧ ਹੋ ਚੁੱਕਾ ਸੀ। ੫ ਮਾਘ ੧੯੨੮ ਸੰਮਤ ਨੂੰ ਜਦ ਦਿਨ ਢਲੇ ਤੋਪਾਂ ਦੀ ਗਰਜ ਸੱਚੇ ਪਾਤਸ਼ਾਹ ਭਾਣੇ ਦੇ ਮਾਲਕ ਨੂੰ ਸਿਆੜ੍ਹ ਸੁਣਾਈ ਦਿਤੀ ਤਾਂ ਬੜੇ ਭਰੇ ਕੰਠ ਨਾਲ ਬਚਨ ਕੀਤਾ, ਇਹ ਤੋਪਾਂ ਮੇਰੇ ਲਾਡਲੇ ਮਸਤਾਨਿਆਂ ਉਤੇ ਦਾਗੀਆਂ ਜਾ ਰਹੀਆਂ ਹਨ। ਸ਼ਾਮ ਤਕ ਸੱਚੇ ਪਾਤਸ਼ਾਹ ਕ੍ਰਮਵਾਰ ਤੋਪਾਂ ਦੇ ਫਾਇਰ ਗਿਣਦੇ ਰਹੇ। ਜਦ ਫਾਇਰ ਬੰਦ ਹੋ ਗਏ ਤਾਂ ਸਤਿਗੁਰੂ ਜੀ ਬਚਨ ਕੀਤਾ ਅਜੇ ਕੁਝ ਕੰਮ ਬਾਕੀ ਰਹਿ ਗਿਆ ਪ੍ਰਤੀਤ ਹੁੰਦਾ ਹੈ।



ਸਿਆੜ੍ਹ ਬੈਠਿਆਂ ਹੀ ਕਿਸੇ ਸਿੱਖ ਨੇ ਦੁੱਧ ਦਾ ਕਟੋਰਾ ਲਿਆ ਕੇ ਸਤਿਗੁਰੂ ਜੀ ਨੂੰ ਛਕਣ ਵਾਸਤੇ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਨੇ ਉਹ ਕਟੋਰਾ ਸੂਬਾ ਸਿੰਘ ਜੀ ਨੂੰ ਫੜਾ ਦਿੱਤਾ। ਸੂਬਾ ਸਿੰਘ ਜੀ ਨੇ ਨਾਲ ਬੈਠੇ ਸਿੰਘ ਨੂੰ ਦਿੱਤਾ ਤੇ ਆਖਿਰ ਉਹ ਕਟੋਰਾ ਘੁੰਮਦਾ ਘੁੰਮਾਉਂਦਾ ਫੇਰ ਸਤਿਗੁਰੂ ਜੀ ਪਾਸ ਪਹੁੰਚ ਗਿਆ। ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ: ਭਾਈ ਏਸੇ ਭਾਵਨਾ ਨੂੰ ਹੀ "ਸਖੀ ਦੇਹਿ ਸੰਤੋਖੀ ਖਾਏ" ਆਖਿਆ ਜਾਂਦਾ ਹੈ। ਸਗੋਂ ਦੁੱਧ ਦਾ ਕਟੋਰਾ ਉਸੇ ਸਿੱਖ ਨੂੰ ਵਾਪਸ ਕਰਦਿਆਂ ਕਿਹਾ ਅਜ ਇਹ ਦੁੱਧ ਤਾਂ ਕਿਤੇ ਰਿਹਾ ਜਲ ਛਕਣ ਨੂੰ ਵੀ ਚਿੱਤ ਨਹੀਂ ਮੰਨਦਾ।

ਜਦ ਗਰਜ ਆਵਾਜ਼ ਆਉਣੋਂ ਬੰਦ ਹੋ ਗਈ ਤਾਂ ੫ ਮਾਘ ਨੂੰ ਸੱਚੇ ਪਾਤਸ਼ਾਹ ਸੂਬਿਆਂ ਸਮੇਤ ਘੋੜੀਆਂ ਤੇ ਸਵਾਰ ਹੋ ਕੇ ਦਿਨ ਢਲੇ ਤਕ ਸ੍ਰੀ ਭੈਣੀ ਸਾਹਿਬ ਆ ਗਏ।

ਅਗੇ ਸ੍ਰੀ ਸਤਿਗੁਰੂ ਜੀ ਦੇ ਏਥੇ ਪਹੁੰਚਣ ਤੋਂ ਪਹਿਲਾਂ ਹੀ ਸਰਕਾਰੀ ਆਰਡਰ ਅਧੀਨ ਡਿਪਟੀ ਇੰਸਪੈਕਟਰ ਸ਼ਾਹ ਵਲੀ ਖਾਂ ਸ੍ਰੀ ਭੈਣੀ ਸਾਹਿਬ ਆਇਆ ਹੋਇਆ ਸੀ। ਉਸਨੇ ਸ੍ਰੀ ਸਤਿਗੁਰੂ ਜੀ ਨੂੰ ਏਥੇ ਆਉਂਦਿਆਂ ਹੀ ਲੁਧਿਆਣੇ ਪਹੁੰਚਣ ਲਈ ਸਰਕਾਰੀ ਹੁਕਮ ਦੱਸ ਦਿਤਾ। ਸ੍ਰੀ ਸਤਿਗੁਰੂ ਜੀ ਨੇ ਉਸੇ ਵਕਤ ਭਾਈ ਗੁਰਦਿੱਤ ਸਿੰਘ ਗਾਡੀ ਨੂੰ ਗੱਡਾ ਜੋੜ ਕੇ ਲਿਆਉਣ ਦਾ ਹੁਕਮ ਕੀਤਾ ਅਤੇ ਨਾਲ ਹੀ ਮਾਈ ਕਰਮੋ ਵਲੋਂ ਤਿਆਰ ਕਰਕੇ ਲਿਆਂਦੀ ਕਾਲੀ ਕੰਬਲੀ ਲਿਆਉਣ ਵਾਸਤੇ ਇਕ ਸੇਵਕ ਨੂੰ ਘਰ ਭੇਜ ਦਿੱਤਾ। ਸੰਗਤਾਂ ਨੂੰ ਜਦ ਪਤਾ ਲਗਾ ਕਿ ਇਹ ਕੀ ਭਾਣਾ ਵਰਤਨ ਲੱਗਾ ਹੈ ਕਿ—"ਕਿ ਤੁਰ ਚਲਿਆ ਪ੍ਰਦੇਸ ਪ੍ਰੀਤਮ ਗਲ ਵਿਚ ਕਾਲੀ ਕੰਬਲੀ ਪਾ ਕੇ," ਤਾਂ ਇਕਦਮ ਸਭ ਮਾਈ ਭਾਈ ਉਚੀ ਉਚੀ ਵੈਰਾਗ ਕਰਕੇ ਕਹਿਣ ਲਗੇ—

ਹੇ ਸਤਿਗੁਰੂ ਜੀ! "ਕਹਿਰ ਵਿਛੋੜਾ ਜਰਨ ਨ ਹੋਸੀ, ਮਰ ਜਾਈਏ ਬਿਲਲਾਕੇ"

ਏਧਰ ਸਚੇ ਪਾਤਸ਼ਾਹ ਪ੍ਰਦੇਸ ਗਮਨ ਦੀ ਤਿਆਰੀ ਕਰ ਰਹੇ ਸਨ, ਤੇ ਸਾਰੀ ਸਾਧ ਸੰਗਤ ਵੈਰਾਗੀ ਹਾਲਤ ਵਿਚ ਲੋਟ ਪੋਟ ਹੋ ਰਹੀ। ਇਤਨੇ ਨੂੰ ਇਕਦਮ ਸ੍ਰੀ ਸਤਿਗੁਰੂ ਜੀ ਦੇ ਭਰਥ ਸਮਾਨ ਭਰਾਤਾ ਮਹਾਰਾਜ ਬੁਧ ਸਿੰਘ ਜੀ ਹੱਥ ਜੋੜ ਕੇ ਗੁਰੂ ਜੀ ਦੇ ਸਾਹਮਣੇ ਖਲੋ ਅਰਜ਼ ਕਰਨ ਲੱਗੇ ਕਿ "ਪਾਤਸ਼ਾਹ ਆਪ ਜੀ ਦੇ ਥਾਂ ਮੈਂ ਪੁਲਿਸ ਨਾਲ ਲੁਧਿਆਣੇ ਜਾਂਦਾ ਹਾਂ, ਅੰਗਰੇਜ਼ੀ ਸਰਕਾਰ ਜੋ ਵੀ ਦੋਸ਼ ਲਾਵੇਗੀ, ਮੈਂ ਇਕਬਾਲ ਕਰਾਂਗਾ। ਜਿਥੇ ਭੇਜੇਗੀ ਉਥੇ ਜਾਵਾਂਗਾ। ਜੋ ਸਜ਼ਾ ਦੇਵੇਗੀ, ਖਿੜੇ-ਮੱਥੇ ਪ੍ਰਵਾਨ


Sri Satguru Jagjit Singh Ji eLibrary NamdhariElibrary@gmail.com

ਕਰਾਂਗਾ, ਪਰ ਆਪ ਜੀ ਲੁਧਿਆਣੇ ਨਾ ਜਾਵੋ। ਸਤਿਗੁਰੂ ਜੀ ਤੁਸੀਂ ਸੰਗਤ ਦੀ ਸੰਭਾਲ ਕਰੋ।"

ਦੋਹਾਂ ਭਰਾਵਾਂ ਦਾ ਇਹ ਮਿਲਾਪ ਤ੍ਰੇਤੇ ਦੇ ਅਵਤਾਰ ਭਗਵਾਨ ਰਾਮ ਤੇ ਭਰਥ ਦੇ ਸਰਜੂ ਨਦੀ ਦੇ ਕਿਨਾਰੇ ਵਾਲੇ ਮਿਲਾਪ ਨੂੰ ਮੂਰਤੀਮਾਨ ਕਰ ਰਿਹਾ ਸੀ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ, "ਭਾਈ ਬੁਧ ਸਿੰਘ ਪ੍ਰਦੇਸ ਜਾਣ ਦਾ ਹੁਕਮ ਇਨ੍ਹਾਂ ਅੰਗਰੇਜ਼ਾਂ ਨੇ ਕੀ ਲਾਣਾ ਹੈ। ਸ੍ਰੀ ਨਾਨਕ ਰਾਜ ਦੇ ਸੰਚਾਲਕ ਸਤਿਗੁਰੂ ਨਾਨਕ ਦੇਵ ਜੀ ਤੇ ਦਸਵੇਂ ਤਖਤ ਨਸ਼ੀਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੇਰੇ ਵਾਸਤੇ ਇਹ ਹੁਕਮ ਪਹਿਲਾਂ ਹੀ ਦੇ ਰੱਖਿਆ ਹੈ, ਇਸ ਵਾਸਤੇ ਉਹ ਹੁਕਮ ਦੀ ਪਾਲਣਾ ਮੈਂ ਹੀ ਕਰਨੀ ਹੈ, ਮੇਰੇ ਥਾਂ ਇਸ ਹੁਕਮ ਦੀ ਪੂਰਤੀ ਹੋਰ ਕੋਈ ਨਹੀਂ ਕਰ ਸਕਦਾ। ਸੰਗਤ ਦੀ ਸੰਭਾਲ ਹੁਣ ਤੁਸਾਂ ਹੀ ਕਰਨੀ ਹੈ।"

"ਵੈਸੇ ਸਭ ਸੰਗਤ ਵਿਸ਼ਵਾਸ ਰਖੇ ਕਿ ਸਮੇਂ ਅਨੁਸਾਰ ਮੈਂ ਫਿਰ ਪੰਜਾਬ ਦੇਸ਼ ਵਿਚ ਆਵਾਂਗਾ, ਜ਼ਰੂਰ ਆਵਾਂਗਾ!! ਜ਼ਰੂਰ ਆਵਾਂਗਾ!!! ਭਾਵੇਂ ਤੁਹਾਨੂੰ ਕੋਈ ਕੁਝ ਵੀ ਆਖੇ ਮੈਂ (ਸਤਿਗੁਰੂ) ਰਾਮ ਸਿੰਘ ਨੂੰ ਹੱਥੀਂ ਲਾਬੂ ਲਾ ਕੇ ਆਇਆ ਹਾਂ, ਤੁਸੀਂ ਵਿਸ਼ਵਾਸ ਨਹੀਂ ਕਰਨਾ।"

ਇਤਆਦਿਕ ਬਚਨ ਕਰਕੇ ਸ੍ਰੀ ਨਾਨਕ ਰਾਜ ਦੇ ਬਾਰ੍ਹਵੇਂ ਤਖਤ ਨਸ਼ੀਨ ਸਤਿਗੁਰੂ ਰਾਮ ਸਿੰਘ ਜੀ, ਭਾਈ ਨਾਨੂ ਸਿੰਘ ਗੜਬਈ, ਸੂਬਾ ਸਾਹਿਬ ਸਿੰਘ, ਸੂਬਾ ਬਾਬਾ ਜਵਾਹਰ ਸਿੰਘ ਜੀ ਸਮੇਤ ਗੱਡੇ ਉੱਤੇ ਸਵਾਰ ਹੋ ਕੇ ਢਲਦੀ ਰਾਤ ੫ ਮਾਘ ਤੇ ੬ ਮਾਘ ਦੀ ਰਾਤ ਨੂੰ ਲੁਧਿਆਣੇ ਪਹੁੰਚ ਗਏ। ਜਿਹਾ ਕਿ—

ਤੁਰ ਗਿਆ ਪ੍ਰਦੇਸ ਸਤਿਗੁਰੂ ਕੰਬਲੀ ਸੀਸ ਸਜਾਕੇ
ਰੋਂਦੀ ਰਹਿ ਗਈ ਸੰਗਤ ਸਾਰੀ ਬ੍ਰਿਹੋਂ ਕਟਾਰੀ ਖਾ ਕੇ
ਭ੍ਰਾਤਾ ਬੁਧ ਸਿੰਘ ਬੇ ਸੁੱਧ ਹੋਇਆ ਪਿਤਾ ਜੀ ਹੋਏ ਵੈਰਾਗੀ,
ਦਿਸੇ ਨ ਕੋਈ 'ਆਤਮਾ' ਐਸਾ ਦੇਵੇ ਧੀਰਜ ਆ ਕੇ।

ਉਥੇ ਫੋਰਸਿਥ ਕਮਿਸ਼ਨਰ ਜੋ ਆਪਣੀ ਕੋਠੀ ਵਿਚ ਬੈਠਾ ਸੱਚੇ ਪਾਤਸ਼ਾਹ ਦੀ ਇੰਤਜ਼ਾਰ ਕਰ ਰਿਹਾ ਸੀ। ਸਤਿਗੁਰੂ ਜੀ ਨੂੰ ਬੜੇ ਅਦਬ ਨਾਲ ਮਿਲਿਆ ਤੇ ਕੋਈ ਦੋ ਘੰਟੇ ਗੱਲਬਾਤ ਪੁੱਛਕੇ ਲੁਧਿਆਣੇ ਤੋਂ ਇਲਾਹਾਬਾਦ (ਪਰਾਗ ਰਾਜ) ਵਾਸਤੇ ਤਿਆਰ ਕੀਤੀ, ਰੇਲ ਵਿਚ ਬਿਠਾਲ ਦਿੱਤਾ। ਏਸ ਤਰ੍ਹਾਂ ਦੂਜੇ ਦਿਨ ਸੂਬਾ ਰੂੜ ਸਿੰਘ, ਲੱਖਾ ਸਿੰਘ, ਸੂਬਾ ਕਾਹਨ ਸਿੰਘ, ਸੂਬਾ ਬ੍ਰਹਮਾ ਸਿੰਘ, ਸੂਬਾ ਮਲੂਕ ਸਿੰਘ, ਸੂਬਾ ਮਾਨ ਸਿੰਘ, ਸੂਬਾ ਹੁਕਮ ਸਿੰਘ, ਸੂਬਾ ਪਹਾੜਾ ਸਿੰਘ, ਸੂਬਾ ਮੰਗਲ ਸਿੰਘ ਜੀ ਨੂੰ ਸਾਹਨੇਵਾਲ ਤੋਂ ਅਲਾਹਾਬਾਦ ਭੇਜ ਦਿੱਤਾ ਗਿਆ ਅਤੇ ਸ੍ਰੀ ਭੈਣੀ ਸਾਹਿਬ ਨੂੰ ਚਾਰ ਚੁਫੇਰਿਓਂ ਘੇਰੇ ਵਿਚ ਲੈ ਲਿਆ ਗਿਆ, ਅਤੇ ਚੱਪਾ ਚੱਪਾ ਥਾਂ ਦੀ ਤਲਾਸ਼ੀ ਸਰਕਾਰ ਵਲੋਂ ਕਰਵਾਈ ਗਈ।

ਸਗੋਂ ਡੇਰੇ ਦੇ ਸਾਰੇ ਸੇਵਕਾਂ ਲਾਂਗਰੀਆਂ ਤੇ ਬੀਬੀਆਂ ਬੱਚਿਆਂ ਨੂੰ ਵੀ ਇਕ ਵਾਰੀ ਡੇਰੇ ਵਿਚੋਂ ਬਾਹਰ ਕੱਢ ਕੇ ਪੈਦਲ ਹੀ ਲੁਧਿਆਣੇ ਭੇਜ ਦਿੱਤਾ ਗਿਆ। ਭਾਵੇਂ ਸੰਮਤ ੧੯੩੯ ਦਾ ਸਾਰਾ ਸਾਲ ਹੀ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਨਾਮਧਾਰੀਆਂ ਵਾਸਤੇ ਬੜਾ ਕਰੜਾਈਆਂ ਤੇ ਕਠਨਾਈਆਂ ਅਥਵਾ ਅੰਗ੍ਰੇਜ਼ੀ ਸਰਕਾਰ ਦੀਆਂ ਬਗ਼ਾਵਤੀ ਰਿਪੋਰਟਾਂ ਵਾਲਾ ਸੀ, ਪਰ ੬ ਮਾਘ ਸੰਮਤ ੧੯੨੯ ਤੋਂ ਬਾਦ ਇਹ ਸਾਲ ਉਸ ਵਕਤ ਹੋਰ ਦੁਖਦਾਈ ਬਣ ਗਿਆ, ਜਦੋਂ ਮਲੇਰਕੋਟਲੇ ਦੇ ਸਾਕੇ ਤੋਂ ਪਿਛੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਭੈਣੀ ਸਾਹਿਬ ਤੋਂ ਪੰਜਾਬ ਵਿਚੋਂ ਬਿਨਾਂ ਕਿਸੇ ਕਾਨੂੰਨੀ ਪਕੜ ਤੋਂ ਵਿਦੇਸ਼ ਵੱਲ ਤੋਰ ਦਿੱਤਾ ਅਤੇ ਸ੍ਰੀ ਭੈਣੀ ਸਾਹਿਬ ਵਿਚ (ਬਿਨਾਂ ਕਿਸੇ ਕਾਨੂੰਨੀ ਹਰਕਤ ਦੇ) ਲੰਗਰ ਦੇ ਸਾਹਵੇਂ ਪੁਲਿਸ ਦੀ ਇਕ ਨਿਗਰਾਨ ਚੌਂਕੀ ਪੱਕੇ ਤੌਰ ਉਤੇ ਬਿਠਾਲ ਦਿੱਤੀ ਗਈ। ਜਿਸਦੇ ਕਾਰਨ ਨਾਮਧਾਰੀ ਸਾਧ ਸੰਗਤ ਨੂੰ ਇਕ ਕਿਸਮ ਦਾ ਆਪਣੇ ਕੇਂਦਰ ਤੋਂ ਵੀ ਵੱਖ ਕਰਨ ਦਾ ਯਤਨ ਕੀਤਾ ਗਿਆ।

(ਪੁਸਤਕ ਸ੍ਰੀ ਨਾਨਕ ਰਾਜ" ਵਿਚੋਂ)

## ਸਤਿਗੁਰੂ ਰਾਮ ਸਿੰਘ ਦਾ ਵਿਛੋੜਾ

ਸੰਗਤਾਂ ਦਾ ਵਿਰਲਾਪ

ਸੰਗਤ ਮਰੂਗੀ ਤੇਰੇ ਵਿਯੋਗ ਅੰਦਰ,
ਸਾਨੂੰ ਛੱਡਕੇ ਜਾਈਂ ਨਾ ਦੂਰ ਸਤਗੁਰ।
ਅੰਨ੍ਹੇ ਹੋਵਾਂਗੇ ਤੇਰੇ ਵਿਯੋਗ ਅੰਦਰ,
ਸਾਡੀ ਅੱਖੀਆਂ ਦਾ ਤੂੰ ਹੈ ਨੂਰ ਸਤਗੁਰ।
ਸਵਾਮੀ ਤੇਰੇ ਵਿਛੋੜੇ ਦੇ ਮਾਰੇ ਹੋਏ,
ਸਾਡੇ ਦਿਲ ਹੋ ਗਏ ਚਕਨਾਚੂਰ ਸਤਗੁਰ।
ਆ ਜਾ ਸਤਗੁਰਾ ਹੋਈਂ ਨਾ ਦੂਰ ਸਾਥੋਂ,
ਸੰਗਤ ਤੇਰੀ ਲੈ ਰਹੀ ਲਹੂਰ ਸਤਗੁਰ।
ਤੜਫ਼ ਤੜਫ਼ਕੇ ਮਰਾਂਗੇ ਤੇਰੇ ਬਾਝੋਂ,
ਅਪਨੇ ਰੱਖ ਲੈ ਸਾਨੂੰ ਹਜ਼ੂਰ ਸਤਗੁਰ।
ਦਿਲ ਤੇਰੇ ਵਿਛੋੜੇ ਵਿਚ ਗਏ ਭੁੰਨੇ,
ਜਿਸਮ ਤਪ ਗਏ ਵਾਂਗ ਤੰਦੂਰ ਸਤਗੁਰ।
ਮੱਛੀ ਜਲ ਬਿਨਾਂ ਜਿਵੇਂ ਨਾ ਜੀ ਸਕਦੀ,
ਤਿਵੇਂ ਜਿਊਣ ਤੇ ਅਸੀਂ ਮਜਬੂਰ ਸਤਗੁਰ।
ਜੇ ਤੈਂ ਜਾਣਾ ਹੈ ਵਿਛੜ ਹਰਨਾਮ ਸਿੰਘਾ,
ਤੇ ਮੌਤ ਭੇਜ ਸਾਨੂੰ ਪੈਹਲੇ ਪੂਰ ਸਤਗੁਰ।

*****

ਦੁਖ ਕਦਰ ਵਿਛੋੜੇ ਦੀ ਉਹੀ ਜਾਣੇ,
ਜਿਹੜਾ ਵਿਛੜ ਚੁਕਿਆ ਹੋਵੇ ਯਾਰ ਪਾਸੋਂ।
ਤੰਦਰੁਸਤ ਨੂੰ ਖਬਰ ਕੀ ਦੁੱਖ ਦੀ ਹੈ,
ਦੁਖ ਪੁੱਛੀਏ ਕਿਸੇ ਬੀਮਾਰ ਪਾਸੋਂ।
ਜਾਂਦਾ ਵਿਛੜ ਜਦ ਚੰਦ ਚਕੋਰ ਕੋਲੋਂ,
ਓਹਦਾ ਸੁਣੋ ਖੜ੍ਹਕੇ ਹਾਹਾਕਾਰ ਪਾਸੋਂ।
ਸਾਰਸ ਅੰਨ ਜਲ ਤਿਆਗ ਤੇ ਜਾਨ ਦਿੰਦਾ,
ਮਰਦੀ ਕੂੰਜ ਜਦ ਵਿਛੜ ਦੀ ਡਾਰ ਪਾਸੋਂ।
ਮਜਨੂੰ ਪਾਸ ਸੇ ਪੁੱਛਲੋ ਹੱਡ ਗਿਣਕੇ,
ਸੁੱਕਿਆ ਜਿਸਮ ਵਿਛੋੜੇ ਦੀ ਮਾਰ ਪਾਸੋਂ।
ਕਮਲੇ ਬੌਰੇ ਹੋ ਜਾਣ ਹਰਨਾਮ ਸਿੰਘਾ,
ਪਿਆਰੇ ਵਿਛੜਦੇ ਕੰਤ ਜਦ ਨਾਰ ਪਾਸੋਂ।

—ਕਵੀ ਹਰਨਾਮ ਸਿੰਘ



Sri Satguru Jagjit Singh Ji eLibrary NamdhariElibrary@gmail.com

# ਮਸਤਾਨੇ..........ਪਰਵਾਨੇ

## (ਮਾਲੇਰਕੋਟਲੇ ਦੇ ਨਾਮਧਾਰੀ ਸ਼ਹੀਦ)

ਪ੍ਰੋ. ਮਾਲਿੰਦਰਜੀਤ ਸਿੰਘ ਵੜੈਚ

"ਇਹ ਓਹ ਆਸ਼ਕ ਇਸ਼ਕ ਸ਼ਮ੍ਹਾਂ ਦੇ,
ਜੋ ਹੱਸ ਹੱਸ ਕੇ ਸੜਦੇ।
ਮੌਤ ਇਹਨਾਂ ਲਈ ਨਵੀਂ ਜ਼ਿੰਦਗੀ,
ਸਨਮੁਖ ਤੋਪਾਂ ਖੜ੍ਹਦੇ।"

ਬਾਬਾ ਸੋਹਨ ਸਿੰਘ ਭਕਨਾ ਲਿਖਦੇ ਹਨ:—

"ਤੋਪਾਂ ਨਾਲ ਉਡਾਉਣ ਵੇਲੇ ਜਦ ਇਕ ਕਤਾਰ ਵਿਚ ਖੜ੍ਹੇ ਕਰਕੇ ਉਹਨਾਂ ਦੇ ਹੱਥ ਪਿਛਾਂਹ ਕਰਕੇ ਬੰਨ੍ਹਣ ਲੱਗੇ ਤਾਂ ਇਹਨਾਂ ਨਾਮਧਾਰੀਆਂ ਨੇ ਗੱਜ ਕੇ ਕਿਹਾ-

"ਖਬਰਦਾਰ! ਸਾਡੇ ਸਰੀਰ ਨੂੰ ਹੱਥ ਨਹੀਂ ਲਾਉਣਾ! ਅਸੀਂ ਪਾਪੀ ਨਹੀਂ ਹਾਂ। ਸਾਨੂੰ ਤੇ ਧਰਮ ਲਈ ਮਰਨ ਦੀ ਖੁਸ਼ੀ ਹੈ।"

ਸੋ ਉਹਨਾਂ ਨੇ ਇਓਂ ਹੀ ਕੀਤਾ। ਇਕ ਇਕ ਕਰਕੇ ਹਰ ਇਕ (ਪਰਵਾਨਾ) ਤਰਤੀਬਵਾਰ ਜਾ ਕੇ ਖੜ੍ਹਾ ਹੁੰਦਾ ਅਤੇ ਸਤਿ ਸ੍ਰੀ ਅਕਾਲ ਬੁਲਾਕੇ ਦੇਸ਼ ਦੀ ਆਜ਼ਾਦੀ ਲਈ ਸਦਾ ਦੀ ਨੀਂਦ ਸੌਂ ਜਾਂਦਾ।

ਮੈਂ ਗਿਆਰਾਂ ਸਾਲ (੧੯੯੭-੧੯੦੭) ਤਕ ਨਾਮਧਾਰੀ ਲਹਿਰ ਦੇ ਸੰਪਰਕ ਵਿਚ ਰਿਹਾ ਹਾਂ। ਮੈਨੂੰ ਆਜ਼ਾਦ ਖਿਆਲ ਤੇ ਰੂਹਾਨੀਅਤ ਦੇ ਪੂਰਨ ਗਿਆਨਵਾਨ ਬਾਬਾ ਕੇਸਰ ਜੀ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋਇਆ ਹੈ। ਬਾਬਾ ਕੇਸਰ ਸਿੰਘ ਸੱਚਮੁੱਚ ਹੀ ਉੱਚੇ ਤਿਆਗੀ, ਏਕਤਾ ਦੇ ਪੁਤਲੇ ਤੇ ਫਿਰਕਾ-ਪ੍ਰਸਤੀ ਤੋਂ ਬਹੁਤ ਉਪਰ ਸਨ। ਬਦੇਸ਼ੀ ਮਾਲ ਦਾ ਬਾਈਕਾਟ ਤੇ ਅੰਗਰੇਜ਼ੀ ਗੁਲਾਮੀ ਤੋਂ ਘਿਰਨਾ ਮੈਨੂੰ ਨਾਮਧਾਰੀ ਲਹਿਰ ਤੋਂ ਮਿਲੀ ਜੋ ਕਿ ਅੱਗੇ ਚੱਲ ਕੇ ਮੈਨੂੰ ਗ਼ਦਰ ਪਾਰਟੀ ਦੇ ਝੰਡੇ ਥੱਲੇ ਲਿਆਈ। ਅੱਜ ਵੀ ਮੈਂ ਨਾਮਧਾਰੀ ਲਹਿਰ ਦੇ ਉਸ ਮਹਾਨ ਦੌਰ ਦਾ ਆਪਣੇ ਆਪ ਨੂੰ ਕਰਜ਼ਾਈ ਸਮਝਦਾ ਹਾਂ।

*(ਇਨਕਲਾਬੀ ਲਹਿਰ ੧੯੬੬)*

ਇਸ ਪਰਥਾਏ ਸ਼ਹੀਦ ਭਗਤ ਸਿੰਘ ਦਾ ਫਰਵਰੀ ੧੯੨੮ ਦੇ 'ਕਿਰਤੀ' ਰਸਾਲੇ ਵਿਚ 'ਵਿਦਰੋਹੀ' ਦੇ ਨਾਮ ਹੇਠਾਂ ਦਿਲ ਟੁੰਬਵਾਂ ਤੇ ਵਿਸਥਾਰ ਪੂਰਕ ਲੇਖ ਛਪਿਆ ਸੀ (ਕਿਤਾਬੀ ਪੰਨੇ-੧੬) ਜਿਸਦਾ ਸਿਰਲੇਖ ਹੈ—

**"ਪੰਜਾਬ ਵਿਚ ਮਹਾਨ ਇਨਕਲਾਬੀ ਦੀ ਪਹਿਲੀ ਜਥੇਬੰਦੀ— ਕੂਕਾ ਲਹਿਰ"**

ਸ਼ਹੀਦ ਭਗਤ ਸਿੰਘ ਉਸ ਜਥੇਬੰਦੀ ਦਾ ਅੰਗ ਸੀ ਜਿਸਨੇ ੮ ਅਪ੍ਰੈਲ ੧੯੨੯ ਨੂੰ ਅਸੈਂਬਲੀ ਵਿਚ ਬੰਬ ਧਮਾਕੇ ਪਿਛੋਂ ਨਾਅਰਾ ਬੁਲੰਦ ਕੀਤਾ ਸੀ—

"ਇਨਕਲਾਬ-ਜ਼ਿੰਦਾਬਾਦ!"

ਸਾਡੇ ਆਜ਼ਾਦੀ ਸੰਗਰਾਮ ਵਿਚ ਤੇ ਅਜੇ ਤੀਕ ਵੀ ਹਰ ਦੇਸ਼ ਭਗਤ ਤੇ ਅਗਾਂਹ ਵਧੂ ਲਹਿਰ ਦਾ ਇਹੀ ਪਰਚਲਤ ਨਾਅਰਾ ਹੋ ਨਿਬੜਿਆ। ਇਹ ਇਕ ਇਤਿਹਾਸਕ ਸਚਾਈ ਹੈ।..........

ਇਸਤੋਂ ਪਹਿਲਾਂ ਆਜ਼ਾਦੀ ਸੰਗਰਾਮ ਦਾ ਪਰਚਲਤ ਨਾਅਰਾ "ਬੰਦੇ ਮਾਤਰਮ" ਸੀ ਜੋ ਕਿ ਗ਼ਦਰ ਪਾਰਟੀ ਦੇ ਪਰਚੇ "ਗ਼ਦਰ" ਦੇ ਪਹਿਲੇ ਪੰਨੇ ਤੇ ਸਭ ਤੋਂ ਉਪਰ ਅੰਕਤ ਹੁੰਦਾ ਸੀ। ਏਸ ਪ੍ਰਸੰਗ ਵਿਚ ਸ਼ਹੀਦ ਭਗਤ ਸਿੰਘ ਦਾ ਇਸ ਲਹਿਰ ਨੂੰ "ਇਨਕਲਾਬੀ" ਕਹਿਣਾ ਕੋਈ ਥੋੜ੍ਹੀ ਮਹੱਤਤਾ ਨਹੀਂ ਰੱਖਦਾ।

ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਬੰਬ ਕਾਂਡ ਦੇ ਸਹਿਯੋਗੀ ਸ੍ਰੀ ਬੀ.ਕੇ.ਦੱਤ ਨੇ ਅਸੈਂਬਲੀ ਵਿਚ, ਧਮਾਕੇ ਪਿਛੋਂ ਸੁੱਟੇ ਗਏ ਇਸ਼ਤਿਹਾਰ ਵਿਚ ਤੇ ਪਿਛੋਂ ਅਦਾਲਤ ਸਾਹਮਣੇ ਦਿੱਤੇ ਬਿਆਨ ਵਿਚ "ਇਨਕਲਾਬ" ਸ਼ਬਦ ਦੀ ਵਿਆਖਿਆ ਇੰਜ ਕੀਤੀ ਸੀ—

"ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਬਦਲਦਾ ਚਾਹੀਦਾ ਹੈ।"

ਇਉਂ ਸਪਸ਼ਟ ਹੈ ਕਿ "ਇਨਕਲਾਬ" ਸਿਰਫ਼ ਵਿਦੇਸ਼ੀ ਗੁਲਾਮੀ ਤੋਂ ਆਜ਼ਾਦ ਹੋਣਾ ਹੀ ਨਹੀਂ, ਬਲਕਿ ਸਮੁੱਚੇ ਸਮਾਜਕ, ਆਰਥਕ ਤੇ ਰਾਜਨੀਤਕ ਤਾਣੇ-ਬਾਣੇ ਵਿਚੋਂ ਵਿਤਕਰੇ ਤੇ ਕਾਣੀ ਵੰਡ ਦਾ ਅੰਤ ਕਰਨਾ ਹੈ।

ਸੋ ਜਦੋਂ ਸ਼ਹੀਦ ਭਗਤ ਸਿੰਘ "ਕੂਕਾ ਲਹਿਰ" ਨੂੰ ਇਨਕਲਾਬੀ ਲਹਿਰ ਕਹਿੰਦੇ ਹਨ, ਤਾਂ ਉਹਨਾਂ ਦਾ ਭਾਵ ਇਸ ਲਹਿਰ ਦੇ ਸਰਬ-ਸਾਂਝੀਵਾਲਤਾ ਵਾਲੇ ਉਦੇਸ਼ਾਂ ਕਰਕੇ ਹੀ, ਅਜਿਹਾ ਕੁਝ ਲਿਖਿਆ ਹੈ। ਪਹਿਲਾਂ ਤਾਂ ਆਪ (ਗੁਰੂ ਰਾਮ ਸਿੰਘ ਜੀ) ਈਸ਼ਵਰ ਭਗਤੀ ਦਾ ਹੀ ਉਪਦੇਸ਼ ਦਿੰਦੇ ਸਨ, ਪਰ ਬਾਅਦ ਵਿਚ ਸਮਾਜ ਸੁਧਾਰ ਸੰਬੰਧੀ ਉਪਦੇਸ਼ ਵੀ ਦੇਣ ਲੱਗੇ। ਆਪ ਜੀ ਦੇ ਚੇਲੇ ਵੀ ਸਾਦਾ ਜ਼ਿੰਦਗੀ ਜੀਊਂਦੇ ਅਤੇ ਰੱਬ ਪੂਜਾ ਵਿਚ ਮਗਨ ਰਹਿੰਦੇ ਸਨ।

ਪਰ ਸਰਕਾਰ ਵੀ ਇਸ ਲਹਿਰ ਨੂੰ ਕੋਈ ਘਟ ਗੰਭੀਰਤਾ ਨਾਲ ਨਹੀਂ ਸੀ ਲੈ ਰਹੀ।

"੧੮੬੩ ਵਿਚ ਮੈਂ ਇਹ ਲਹਿਰ ਦੀ ਤਹਿ ਤਕ ਪਹੁੰਚ ਗਿਆ ਸਾਂ ਕਿ ਇਹ ਕਿਹੜੇ-ਕਿਹੜੇ ਖਤਰਨਾਕ ਨਤੀਜੇ ਲਿਆ ਸਕਦੀ ਹੈ। ਇਸ ਲਈ ਮੈਂ ਉਹਨਾਂ (ਨਾਮਧਾਰੀਆਂ) ਦੇ ਪ੍ਰਚਾਰ ਤੇ ਬਹੁਤ ਸਾਰੀਆਂ ਪਾਬੰਦੀਆਂ ਲਾ ਦਿੱਤੀਆਂ, ਜਿਸ ਨਾਲ ਉਹਨਾਂ ਦੇ ਪ੍ਰਚਾਰ ਦੀ ਰਫਤਾਰ ਕਾਫੀ ਹੱਦ ਤੱਕ ਘਟ ਗਈ।"

(ਟੀ.ਡੀ. ਫੋਰਸਿਥ, ਜੋ ੧੮੬੩ ਵਿਚ ਪੰਜਾਬ ਸਰਕਾਰ ਦੇ ਮੁਖ ਸਕੱਤਰ ਸਨ ਤੇ ੧੮੭੨ ਦੌਰਾਨ ਅੰਬਾਲਾ ਡਵੀਜਨ ਦੇ ਕਮਿਸ਼ਨਰ ਸਨ)

(ਲਿਖਤਾਂ ਸ਼ਹੀਦ ਭਗਤ ਸਿੰਘ)

ਨਾਲੇ ਕੂਕਾ ਲਹਿਰ ਦੇ ਗੌਰਵਮਈ ਇਤਿਹਾਸ ਦੀ ਇਤਿਹਾਸਕਾਰਾਂ ਵੱਲੋਂ ਅਣਗਹਿਲੀ ਵਰਤਣ ਤੇ ਸ਼ਹੀਦ ਭਗਤ ਸਿੰਘ ਦੇ ਦਿਲ ਨੂੰ ਗਹਿਰੀ ਚੋਟ ਵੱਜਦੀ ਪਰਤੱਖ ਨਜ਼ਰ ਆਉਂਦੀ ਹੈ, ਜਿਵੇਂ.......

"ਕੂਕਾ ਲਹਿਰ ਦਾ ਇਤਿਹਾਸ ਹਾਲੇ ਤਕ ਲੋਕਾਂ ਸਾਹਵੇਂ ਨਹੀਂ ਆਇਆ। ਕਿਸੇ ਨੇ ਇਹਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ......ਅਸੀਂ ਕੂਕਿਆਂ ਨੂੰ ਭੂਲੜ ਤੇ ਕਮਲੇ ਕਹਿਕੇ ਆਪਣੇ ਫਰਜ਼ ਤੋਂ ਲਾਂਭੇ ਹੋ ਜਾਂਦੇ ਹਾਂ। ਹਾਂ, ਸਵਾਰਥ ਜਾਂ ਲੋਭ ਲਈ ਉਹਨਾਂ ਜਾਨਾਂ ਦਿੱਤੀਆਂ ਹੁੰਦੀਆਂ ਤਾਂ ਅਸੀਂ ਅਣਗਹਿਲੀ ਵਿਖਾ ਸਕਦੇ ਸਾਂ, ਪਰ ਉਹਨਾਂ ਦੇ 'ਕਮਲ" ਵਿਚ ਵੀ ਦੇਸ਼-ਪਰੇਮ ਕੁੱਟ-ਕੁੱਟ ਕੇ ਭਰਿਆ ਹੋਇਆ ਸੀ।

"ਉਹ ਤਾਂ ਤੋਪ ਦੇ ਦਹਾਨੇ (ਮੂੰਹ) ਸਾਹਮਣੇ ਖੜ੍ਹਕੇ ਵੀ ਹੱਸ ਦਿੰਦੇ ਸਨ, ਤੇ ਆਨੰਦ ਨਾਲ ਸਤਿ ਸ੍ਰੀ ਅਕਾਲ ਦੇ ਆਕਾਸ਼ ਗੁੰਜਾਊ ਜੈਕਾਰਿਆਂ ਨਾਲ ਆਕਾਸ਼ ਪਾਤਾਲ ਇਕ ਕਰ ਦਿੰਦੇ ਸਨ। ਉਨ੍ਹਾਂ ਦੇ ਮੱਥਿਆਂ ਉਤੇ ਦੁਖ, ਫ਼ਿਕਰ ਜਾਂ ਪਛਤਾਵੇ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ ਦਿਸਦਾ।

"ਅਸੀਂ ਸਮਝਦੇ ਹਾਂ ਕਿ ਸਾਡੇ ਲਈ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਵੱਡੀ ਅਹਿਸਾਨ-ਫਰਾਮੋਸ਼ੀ ਹੋਵੇਗੀ।

"ਅਸੀਂ ਉਹਨਾਂ ਦੀ ਯਾਦ ਵਿਚ ਕੋਈ ਵੱਡਾ ਥੰਮ੍ਹ ਨਹੀਂ ਖੜ੍ਹਾ ਕਰ ਸਕਦੇ, ਤਾਂ ਕੀ ਅਸੀਂ ਆਪਣੇ ਦਿਲ ਵਿਚ ਥੋੜ੍ਹੀ ਜਿੰਨੀ ਥਾਂ ਦੇਣੋਂ ਵੀ ਝਿਜਕੀਏ?"

*(ਲਿਖਤਾਂ ਸ਼ਹੀਦ ਭਗਤ ਸਿੰਘ)*


Sri Satguru Jagjit Singh Ji eLibrary NamdhariElibrary@gmail.com

ਪਟਨੇ ਦਾ ਚੰਨ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਜੇ. ਪੀ. ਸੰਗਤ ਸਿੰਘ ਟੀਕਾਕਾਰ



(੧੪ ਜਨਵਰੀ ਸੰਨ ੨੦੦੦ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਹੈ। ਦੁਨੀਆਂ ਭਰ ਦੀਆਂ ਸੰਗਤਾਂ ਇਸ ਪ੍ਰਕਾਸ਼-ਉਤਸਵ ਨੂੰ ਬਹੁਤ-ਹੀ ਚਾਵਾਂ ਅਤੇ ਖੁਸ਼ੀਆਂ ਨਾਲ ਮਨਾਉਂਦੀਆਂ ਹਨ। 'ਬਚਿਤ੍ਰ ਨਾਟਕ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਅਹਿਮ ਰਚਨਾ ਹੈ। ਸਤੰਬਰ ੧੯੯੧ ਵਿਚ ਟੀਕਾਕਾਰ ਜੇ.ਪੀ. ਸੰਗਤ ਸਿੰਘ ਨੇ 'ਬਚਿਤ੍ਰ ਨਾਟਕ ਸਟੀਕ' ਨਾਂ ਦੀ ਇਕ ਪੁਸਤਕ ਲਿਖੀ ਹੈ, ਜਿਸ ਵਿਚ ਉਨ੍ਹਾਂ ਨੇ ਬਹੁਤ ਹੀ ਸਰਲ ਅਤੇ ਵਧੀਆ ਤਰੀਕੇ ਨਾਲ ਟੀਕਾ ਕੀਤਾ ਹੈ। ਸਟੀਕ ਦੇ ਛੇਵੇਂ ਅਧਿਆਇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮ੍ਰਿਤ ਲੋਕ ਵਿਚ ਆਉਣ ਦਾ ਕਾਰਨ ਦੱਸਿਆ ਹੈ ਕਿ ਵਾਹਿਗੁਰੂ ਅਕਾਲ ਪੁਰਖ ਨੇ ਸੰਸਾਰ ਦੇ ਉਧਾਰ ਲਈ ਜਿਸ ਜਿਸ ਨੂੰ ਵੀ ਆਪਣਾ (ਵਾਹਿਗੁਰੂ ਜੀ ਦਾ) ਨਾਉਂ ਜਪਾਣ ਲਈ ਭੇਜਿਆ, ਉਹੋ ਹੀ ਇਥੇ ਆਪਣੇ ਆਪਣੇ ਪੰਥ ਅਤੇ ਮਤਾਂ ਦੀਆਂ ਢਾਈ ਇੱਟਾਂ ਦੀ ਵੱਖਰੀ ਮਸੀਤ ਹੀ ਬਣਾ ਕੇ ਬਹਿ ਗਿਆ, ਇਸ ਲਈ ਅਕਾਲ ਪੁਰਖ ਨੇ ਮੈਨੂੰ, ਹੇਮਕੁੰਟ ਪਰਬਤ ਉੱਤੇ ਤਪ ਕਰਦੇ ਨੂੰ "ਧਰਮ ਚਲਾਵਨ" ਅਤੇ "ਦੁਸਟ ਸਭਨ ਕੋ ਮੂਲ ਉਪਾਰਨ" ਲਈ ਇਥੇ ਭੇਜਿਆ। ਮੈਂ ਤ੍ਰਿਬੇਣੀ ਦੇ ਸੰਗਮ ਤੇ ਮਾਤ ਗਰਭ ਵਿਚ ਆਇਆ ਅਤੇ ਪਟਨੇ ਵਿਚ ਜਨਮ ਲਿਆ। ਇਹ ਗੱਲ ਖਾਸ ਤੌਰ ਉਤੇ ਪੌਰਾਣਿਕ ਸ਼ੈਲੀ ਵਿੱਚ ਇਹ ਵਿਸ਼ਵਾਸ ਦੇਣ ਲਈ ਆਖੀ ਹੈ ਕਿ ਅਵਤਾਰ ਤੇ ਨਬੀ ਪੈਗੰਬਰ ਆਦਿ ਸਾਧਾਰਨ ਮਨੁੱਖਾਂ ਵਾਂਗ ਹੀ ਜਨਮ ਲੈਂਦੇ ਹਨ, ਉਹ ਪਸੀਨੇ 'ਚੋਂ ਜਾਂ ਕੁਆਰੀ ਦੇ ਪੇਟੋਂ ਨਹੀਂ ਜਨਮਦੇ। ਇਥੇ ਅਸੀਂ ਇਸ ਸਟੀਕ ਵਿਚੋਂ ਲੈ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਸ ਦੁਨੀਆਂ ਉਤੇ ਆਉਣ ਬਾਰੇ ਬਚਿਤ੍ਰ ਨਾਟਕ ਵਿਚ ਜਿਉਂ ਜਿਉਂ ਲਿਖਿਆ ਹੈ ਉਹ ਪਾਠਕਾਂ ਦੇ ਪੜ੍ਹਨ ਲਈ ਛਾਪ ਰਹੇ ਹਾਂ—ਸੰਪਾਦਕ)

ਚੌਪਾਈ॥

ਅਬ ਮੈ ਅਪਨੀ ਕਥਾ ਬਖਾਨੋ॥
ਤਪ ਸਾਧਤ ਜਿਹ ਬਿਧਿ ਮੁਹਿ ਆਨੋ॥
ਹੇਮਕੁੰਟ ਪਰਬਤ ਹੈ ਜਹਾਂ॥
ਸਪਤ ਸ੍ਰਿੰਗ ਸੋਭਿਤ ਹੈ ਤਹਾਂ॥੧॥

ਤੁਕਾਰਥ— ਹੁਣ ਮੈਂ ਆਪਣੀ ਕਥਾ ਵਰਣਨ ਕਰਦਾ ਹਾਂ ਕਿ ਕਿਵੇਂ ਮੈਨੂੰ ਤਪੱਸਿਆ ਕਰਦੇ ਹੋਏ ਨੂੰ ਪ੍ਰਿਥਵੀ ਉੱਤੇ ਲਿਆਂਦਾ ਗਿਆ। ਜਿਥੇ ਹੇਮਕੁੰਟ ਨਾਮ ਦਾ ਪਰਬਤ ਹੈ ਤੇ ਇਸ ਪਰਬਤ ਦੀਆਂ ਸੱਤ ਚੋਟੀਆਂ ਹਨ।

ਸਪਤ ਸ੍ਰਿੰਗ ਤਿਹ ਨਾਮੁ ਕਹਾਵਾ॥
ਪੰਡੁ ਰਾਜ ਜਹ ਜੋਗੁ ਕਮਾਵਾ॥
ਤਹ ਹਮ ਅਧਿਕ ਤਪੱਸਿਆ ਸਾਧੀ॥
ਮਹਾਕਾਲ ਕਾਲਿਕਾ ਆਰਾਧੀ॥੨॥

ਤੁਕਾਰਥ — ਜਿਥੇ ਪਾਂਡਵਾਂ ਦੇ ਪਿਤਾ ਨੇ ਤਪ ਕੀਤਾ ਸੀ, ਉਸ ਥਾਂ ਨੂੰ ਸਪਤ ਸ੍ਰਿੰਗ ਕਰਕੇ ਜਾਣਿਆ ਜਾਂਦਾ ਹੈ। ਉਥੇ ਅਸੀਂ ਕਠਿਨ ਤਪੱਸਿਆ ਕੀਤੀ ਅਤੇ ਮਹਾਂਕਾਲ ਦੀ ਅਰਾਧਨਾ ਕੀਤੀ।

ਇਹ ਬਿਧਿ ਕਰਤ ਤਪੱਸਿਆ ਭਯੋ॥
ਦ੍ਵੈ ਤੇ ਏਕ ਰੂਪ ਹ੍ਵੈ ਗਯੋ॥
ਤਾਤ ਮਾਤ ਮੁਰ ਅਲਖ ਅਰਾਧਾ॥
ਬਹੁ ਬਿਧਿ ਜੋਗ ਸਾਧਨਾ ਸਾਧਾ॥੩॥

ਤੁਕਾਰਥ—ਇਸ ਪ੍ਰਕਾਰ ਤਪੱਸਿਆ ਕਰਕੇ ਮੈਂ ਦ੍ਵੈਤ ਤੋਂ ਅਦ੍ਵੈਤ ਰੂਪ ਧਾਰਨ ਕਰ ਲਿਆ। ਭਾਵ ਪ੍ਰਭੂ ਨਾਲ ਵਿਲੀਨ ਹੋ ਗਿਆ। ਉਧਰ ਮੇਰੇ ਪਿਤਾ ਅਤੇ ਮਾਤਾ ਵੀ ਨਿਰੰਕਾਰ ਦੀ ਅਰਾਧਨਾ ਵਿਚ ਲੱਗੇ ਹੋਏ ਸਨ, ਉਨ੍ਹਾਂ ਨੇ ਵੀ ਕਈ ਪ੍ਰਕਾਰ ਦੀ ਜੋਗ ਸਾਧਨਾ ਕੀਤੀ।

ਤਿਨ ਜੋ ਕਰੀ ਅਲਖ ਕੀ ਸੇਵਾ॥
ਤਾ ਤੇ ਭਏ ਪ੍ਰਸੰਨਿ ਗੁਰਦੇਵਾ॥



Sri Satguru Jagjit Singh Ji eLibrary NamdhariElibrary@gmail.com

ਤਿਨ ਪ੍ਰਭ ਜਬ ਆਇਸ ਮੁਹਿ ਦੀਆ॥
ਤਬ ਹਮ ਜਨਮ ਕਲੂ ਮਹਿ ਲੀਆ॥੪॥

ਤੁਕਾਰਥ—ਮੇਰੇ ਮਾਤਾ ਪਿਤਾ ਨੇ ਅਗੋਚਰ ਪਾਰਬ੍ਰਹਮ ਪ੍ਰਭੂ ਦੀ ਇਤਨੀ ਸੇਵਾ ਕੀਤੀ ਕਿ ਪ੍ਰਭੂ ਉਨ੍ਹਾਂ ਤੇ ਪ੍ਰਸੰਨ ਹੋ ਗਏ ਅਤੇ ਪ੍ਰਭੂ ਨੇ ਮੈਨੂੰ ਜਦੋਂ ਹੁਕਮ ਦਿੱਤਾ ਤਾਂ ਅਸੀਂ ਇਸ ਕਲਜੁਗ ਵਿਚ ਜਨਮ ਲਿਆ।

ਚਿਤ ਨ ਭਯੋ ਹਮਰੋ ਆਵਨ ਕਹ॥
ਚੁਭੀ ਰਹੀ ਸ੍ਰੁਤੀ ਪ੍ਰਭ ਚਰਨਨ ਮਹਿ॥
ਜਿਉ ਜਿਉ ਪ੍ਰਭ ਹਮ ਕੋ ਸਮਝਾਯੋ॥
ਇਮ ਕਹਿ ਕੈ ਇਹ ਲੋਕ ਪਠਾਯੋ॥੫॥

ਤੁਕਾਰਥ—ਮੇਰਾ, ਸੰਸਾਰ ਵਿਚ ਆਉਣ ਨੂੰ ਮਨ ਨਹੀਂ ਸੀ ਕਰਦਾ, ਕਿਉਂ ਜੋ ਮੇਰੀ ਲਿਵ ਪ੍ਰਭੂ ਚਰਨਾਂ ਵਿੱਚ ਲੱਗੀ ਹੋਈ ਸੀ। ਜਿਵੇਂ ਕਿਵੇਂ ਪ੍ਰਭੂ ਜੀ ਨੇ ਮੈਨੂੰ ਸਮਝਾਇਆ ਤੇ ਰਾਜ਼ੀ ਕਰ ਲਿਆ ਅਤੇ ਮੈਨੂੰ ਇਹ ਬਚਨ ਕਹਿ ਕੇ ਇਸ ਲੋਕ ਵਿੱਚ ਭੇਜ ਦਿੱਤਾ:-

**ਅਕਾਲ ਪੁਰਖ ਬਾਚ॥**

**ਚੌਪਈ॥**

ਮੈਂ ਅਪਨਾ ਸੁਤ ਤੋਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥੨੯॥

ਤੁਕਾਰਥ—ਮੈਂ ਤੈਨੂੰ ਆਪਣਾ ਸਪੁੱਤਰ ਬਣਾਉਣ ਦਾ ਮਾਣ ਬਖਸ਼ਿਆ ਹੈ। ਸੰਸਾਰ ਵਿਚ ਜਾ ਕੇ ਸੱਚ ਧਰਮ ਦਾ ਪ੍ਰਚਾਰ ਕਰਨ ਲਈ ਤੇਰੀ ਸਾਜਨਾ ਕੀਤੀ ਹੈ। ਤੁਸੀਂ ਮਾਤ ਲੋਕ ਵਿੱਚ ਜਾਓ ਅਤੇ ਧਰਮ ਦਾ ਪ੍ਰਚਾਰ ਕਰੋ ਅਤੇ ਲੋਕਾਂ ਨੂੰ ਫੋਕਟ ਕਰਮ ਕਰਨ ਤੋਂ ਰੋਕੋ।

**ਕਬਿ ਬਾਚ॥ ਦੋਹਰਾ॥**

ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਯਾਇ॥
ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥੩੦॥

ਤੁਕਾਰਥ—ਮੈਂ ਹੱਥ ਜੋੜਕੇ ਖੜ੍ਹਾ ਹੋ ਗਿਆ ਅਤੇ ਸਿਰ ਨਿਵਾ ਕੇ ਬਚਨ ਕੀਤਾ, ਹੇ ਪ੍ਰਭੂ! ਸੰਸਾਰ ਵਿਚ ਸਤ ਧਰਮ ਤਾਂ ਹੀ ਚੱਲ ਸਕੇਗਾ ਜੇ ਤੁਸੀਂ ਆਪ ਮੇਰੀ ਸਹਾਇਤਾ ਕਰੋਗੇ।

**ਚੌਪਈ॥**

ਇਹ ਕਾਰਨ ਪ੍ਰਭ ਮੋਹਿ ਪਠਾਯੋ॥
ਤਬ ਮੈ ਜਗਤ ਜਨਮੁ ਧਰਿ ਆਯੋ॥
ਜਿਨ ਤਿਨ ਕਹੀ ਇਨੈ ਤਿਨ ਕਹਿ ਹੋਂ॥
ਅਉਰ ਕਿਸੂ ਤੇ ਬੈਰ ਨ ਗਹਿ ਹੋਂ॥੩੧॥

ਤੁਕਾਰਥ—ਇਸੇ ਕੰਮ ਲਈ ਵਾਹਿਗੁਰੂ ਜੀ ਨੇ ਮੈਨੂੰ ਭੇਜਿਆ ਹੈ ਅਤੇ ਇਸ ਕਾਰਨ ਹੀ ਮੈਂ ਸੰਸਾਰ ਵਿਚ ਜਨਮ ਲੈ ਕੇ ਆਇਆ ਹਾਂ। ਵਾਹਿਗੁਰੂ ਜੀ ਨੇ ਜਿਵੇਂ ਮੈਨੂੰ ਹੁਕਮ ਕੀਤਾ ਹੈ ਤਿਵੇਂ ਹੀ ਇਨ-ਬਿੰਨ ਮੈਂ ਸੰਸਾਰ ਦੇ ਲੋਕਾਂ ਨੂੰ ਕਹਾਂਗਾ ਅਤੇ ਮੈਂ ਹੋਰ ਕਿਸੇ ਨਾਲ ਕਿਸੇ ਪ੍ਰਕਾਰ ਦੀ ਵੈਰ-ਭਾਵਨਾ ਨਹੀਂ ਰੱਖਾਂਗਾ।

ਜੋ ਹਮ ਕੋ ਪਰਮੇਸੁਰ ਉਚਰਿ ਹੈ॥
ਤੇ ਸਭ ਨਰਕ ਕੁੰਡ ਮਹਿ ਪਰਿ ਹੈ॥
ਮੋ ਕੋ ਦਾਸੁ ਤਵਨ ਕਾ ਜਾਨੋ॥
ਯਾ ਮੈ ਭੇਦੁ ਨ ਰੰਚ ਪਛਾਨੋ॥੩੨॥

ਤੁਕਾਰਥ—ਜਿਹੜੇ ਮੈਨੂੰ ਹੀ ਪ੍ਰਭੂ ਪ੍ਰਮਾਤਮਾ ਕਹਿਣ ਲੱਗ ਜਾਣਗੇ, ਉਹ ਸਾਰੇ ਹੀ ਨਰਕਾਂ ਵਿੱਚ ਪੈਣਗੇ। ਮੈਂ ਤਾਂ ਉਸ ਵਾਹਿਗੁਰੂ ਅਕਾਲ ਪੁਰਖ ਦਾ ਦਾਸ ਹਾਂ। ਮੈਨੂੰ ਉਸ ਦਾ ਸੇਵਕ ਹੀ ਸਮਝਣਾ ਚਾਹੀਦਾ ਹੈ, ਇਸ ਗੱਲ ਵਿੱਚ ਰੰਚਕ ਮਾਤ੍ਰ ਵੀ ਸ਼ੱਕ ਦੀ ਗੱਲ ਨਹੀਂ ਹੈ।

ਮੈ ਹੋ ਪਰਮ ਪੁਰਖ ਕੋ ਦਾਸਾ॥
ਦੇਖਨਿ ਆਯੋ ਜਗਤ ਤਮਾਸਾ॥
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋ॥
ਮ੍ਰਿਤ ਲੋਗ ਤੇ ਮੋਨਿ ਨ ਰਹਿ ਹੋ॥੩੩॥

ਤੁਕਾਰਥ—ਮੈਂ ਉਸ ਅਕਾਲ ਪੁਰਖ ਵਾਹਿਗੁਰੂ ਜੀ ਦਾ ਸੇਵਕ ਹਾਂ ਅਤੇ ਸੰਸਾਰ ਦਾ ਖੇਲ-ਤਮਾਸ਼ਾ ਵੇਖਣ ਲਈ ਹੀ ਆਇਆ ਹਾਂ। ਵਾਹਿਗੁਰੂ ਜੀ ਨੇ ਮੈਨੂੰ ਜਿਵੇਂ ਹੁਕਮ ਕੀਤਾ ਹੈ ਉਹੋ ਹੀ ਮੈਂ ਮਾਤ-ਲੋਕ ਦੇ ਲੋਕਾਂ ਨੂੰ ਕਹਾਂਗਾ, ਮੈਂ ਮੋਨ ਧਾਰਨ ਕਰਕੇ ਨਹੀਂ ਰਹਾਂਗਾ।

ਹਮ ਇਹ ਰਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਕਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥

ਤੁਕਾਰਥ—ਸੰਸਾਰ ਵਿਚ ਹਰ ਥਾਈਂ ਸਤ ਧਰਮ ਦਾ ਪ੍ਰਚਾਰ ਕਰਨ ਅਤੇ ਦੁਸ਼ਟਾਂ ਤੇ ਦੋਖੀਆਂ ਦਾ ਨਾਸ਼ ਕਰਨ ਲਈ ਹੀ ਵਾਹਿਗੁਰੂ ਜੀ ਨੇ ਮੈਨੂੰ ਸੰਸਾਰ ਵਿੱਚ ਭੇਜਿਆ ਹੈ।

ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥੪੩॥

ਤੁਕਾਰਥ—ਹੇ ਸਾਧੂ ਸੱਜਣੋ! ਤੁਸੀਂ ਮਨ ਵਿੱਚ ਇਸ ਗੱਲ ਨੂੰ ਸਮਝ ਲਵੋ ਕਿ ਸਤ ਧਰਮ ਨੂੰ ਚਲਾਵਣ ਲਈ, ਸੰਤਾਂ ਤੇ ਪ੍ਰਭੂ ਦੇ ਸ੍ਰੇਸ਼ਟ ਪੁਰਸ਼ਾਂ ਦੇ ਉਧਾਰ ਲਈ ਅਤੇ ਸੰਸਾਰ 'ਚੋਂ ਸਾਰੇ ਦੁਸ਼ਟਾਂ ਦੀ ਜੜ੍ਹ ਪੁੱਟ ਦੇਣ ਲਈ ਹੀ ਮੈਂ ਸੰਸਾਰ ਵਿਚ ਜਨਮ ਧਾਰਨ ਕੀਤਾ ਹੈ।

✡


Sri Satguru Jagjit Singh Ji eLibrary NamdhariElibrary@gmail.com

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਰਨਾਮਿਆਂ ਤੇ ਲਿਖੀ

# ਗ਼ਜ਼ਲ

—ਮਹਾਂਬੀਰ ਸਿੰਘ 'ਦਰਦੀ'

ਇਸ ਤਰ੍ਹਾਂ ਕੌਤਕ ਨਿਰਾਲਾ ਹੀ ਵਿਖਾਇਆ ਓਸ ਨੇ।
ਸੰਗ ਬਾਜ਼ਾਂ ਦੇ ਜੋ ਚਿੜੀਆਂ ਨੂੰ ਲੜਾਇਆ ਓਸ ਨੇ।

ਕੁਲ ਜ਼ਮਾਨੇ ਨੂੰ ਇਸ਼ਾਰੇ ਤੇ ਨਚਾਇਆ ਓਸ ਨੇ।
ਦੀਪ ਝੱਖੜਾਂ ਦੀ ਹਥੇਲੀ ਤੇ ਜਗਾਇਆ ਓਸ ਨੇ।

ਰਾਜ-ਸ਼ਕਤੀ ਦੇ ਲਿਤਾੜੇ ਨੂੰ ਉਠਾਇਆ ਓਸ ਨੇ।
ਇਉਂ ਲਹੂ-ਪੀਣੀ 'ਵਿਵਸਥਾ' ਨੂੰ ਝੁਕਾਇਆ ਓਸ ਨੇ।

ਸਾਥ ਹਰ ਮਜ਼ਲੂਮ ਦਾ ਏਦਾਂ ਨਿਭਾਇਆ ਓਸ ਨੇ।
ਆਪ ਧੁੱਪ ਸਹਿ ਕੇ ਸਿਰਾਂ ਤੇ ਕੀਤਾ ਸਾਇਆ ਓਸ ਨੇ।

ਆਦਮੀਅਤ ਨੂੰ ਉਚੇਰੀ ਥਾਂ ਬਿਠਾਇਆ ਓਸ ਨੇ।
ਇਉਂ ਸਵੈ-ਵਿਸ਼ਵਾਸ਼ ਬੰਦੇ ਵਿਚ ਜਗਾਇਆ ਓਸ ਨੇ।

ਮਾਣ ਹਰ ਬੰਦੇ ਨਿਮਾਣੇ ਦਾ ਵਧਾਇਆ ਓਸ ਨੇ।
ਆਪ ਮੱਥਾ ਜਾਬਰਾਂ ਦੇ ਸੰਗ ਲਾਇਆ ਓਸ ਨੇ।

ਪੁੱਤਰਾਂ ਦੀ ਮੌਤ ਤੇ ਵੀ ਮੁਸਕਰਾਇਆ ਓਸ ਨੇ।
ਲੱਖ ਵਾਰੀ ਸ਼ੁਕਰ ਦਾਤੇ ਦਾ ਮਨਾਇਆ ਓਸ ਨੇ।

ਬਾਦਸ਼ਾਹਾਂ ਨੂੰ ਕਰਾਰਾ ਹੱਥ ਵਿਖਾਇਆ ਓਸ ਨੇ।
ਦੇਸ਼ ਖ਼ਾਤਰ ਹੱਸਦਿਆਂ ਸਭ ਕੁਝ ਲੁਟਾਇਆ ਓਸ ਨੇ।

ਆਖਦੇ ਨੇ ਸਭ ਕਿ ਮੁਰਦਾ ਜ਼ਿੰਦਾ ਨਹੀਂ ਹੁੰਦਾ ਕਦੀ,
ਕੌਮ ਨੂੰ ਨਵ-ਜ਼ਿੰਦਗੀ ਦੇ ਕੇ ਜਵਾਇਆ ਓਸ ਨੇ।

ਸਿੱਖਾਂ ਨੂੰ ਅੰਮ੍ਰਿਤ ਪਿਲਾ ਕੇ, ਆਪ ਪੀਤਾ ਮੰਗ ਉਸ,
ਇਸ ਤਰ੍ਹਾਂ ਆਪੇ ਗੁਰੂ, ਚੇਲਾ ਕਹਾਇਆ ਓਸ ਨੇ।

ਜ਼ੁਲਮ ਤੋਂ ਡਰਨਾ ਨਹੀਂ, ਸਹਿਣਾ ਨਹੀਂ, ਕਰਨਾ ਨਹੀਂ,
ਜ਼ਾਲਮਾਂ ਨੂੰ ਬੇਧੜਕ ਹੋ ਕੇ ਸੁਣਾਇਆ ਓਸ ਨੇ।

ਉਸ ਸੱਚਾਈ ਦੇ ਲਈ ਪਰਵਾਰ ਸਾਰਾ ਵਾਰਿਆ,
ਬੰਸ-ਦਾਨੀ ਇਸ ਤਰ੍ਹਾਂ ਜੱਗ ਤੋਂ ਕਹਾਇਆ ਓਸ ਨੇ।

ਬੁਜ਼ਦਿਲਾਂ ਅੰਦਰ ਦਲੇਰੀ ਉਸ ਭਰੀ ਕੁਝ ਇਸ ਤਰ੍ਹਾਂ,
ਬਸ ਪਲਾਂ ਵਿਚ ਸ਼ੇਰ, ਗਿੱਦੜਾਂ ਨੂੰ ਬਣਾਇਆ ਓਸ ਨੇ।

ਕਾਵਿ ਭੀ ਉਸਦਾ ਉਬਲਦੇ ਲਾਵਿਆਂ ਦੇ ਵਾਂਗ ਸੀ,
ਤੀਰ ਵਾਂਗੂ ਆਪਣੇ ਸ਼ਿਅਰਾਂ ਨੂੰ ਚਲਾਇਆ ਓਸ ਨੇ।

ਦੌਲਤਾਂ ਤੇ ਰਹਿਮਤਾਂ ਦੀ ਮਾਲਕੀ ਦੇ ਹੁੰਦਿਆਂ,
ਬਾਦਸ਼ਾਹ-ਦਰਵੇਸ਼ ਖ਼ੁਦ ਤਾਈਂ ਕਹਾਇਆ ਓਸ ਨੇ।

ਸੱਚ ਹੀ ਮੈਂ ਆਖਦਾਂ ਇਹ ਹੈ ਸਚਾਈ, ਜੋ ਮੈਂ ਕਿਹਾ,
ਏਸ ਭਾਰਤ-ਵਰਸ਼ ਨੂੰ 'ਦਰਦੀ' ਬਚਾਇਆ ਓਸ ਨੇ।

ਪਿੰਡ ਤੇ ਡਾ. ਟਿੱਬਾ
ਜ਼ਿਲ੍ਹਾ ਕਪੂਰਥਲਾ

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥

## ਗੀਤ ਜਿਗਰਾ ਸੋਢੀ-ਸਰਦਾਰ ਦਾ ਗੀਤ

—ਚਰਨ ਸਿੰਘ ਖੈਰਪੁਰੀ

ਅੰਮ੍ਰਿਤ ਦਾ ਦਾਨੀ ਕਹਿੰਦੇ, ਮੋਢੀ ਤਲਵਾਰ ਦਾ,
ਦੁਨੀਆ ਵਿਚ ਇਕੋ ਜਿਗਰਾ, ਸੋਢੀ ਸਰਦਾਰ ਦਾ।

ਆਪਣਾ ਹੈ ਪਿਤਾ ਵਾਰਿਆ, ਜੰਞੂ ਦੀਆਂ ਲੜੀਆਂ 'ਤੇ
ਹੰਝੂ ਨਾ ਨੈਣੋਂ ਕੇਰੇ, ਪੁੱਤਰਾਂ ਦੀਆਂ ਮੜ੍ਹੀਆਂ 'ਤੇ।

ਸ਼ੇਰਾਂ ਨੂੰ ਢੇਰੀ ਕਰਦਾ, ਵਾਰ ਤਲਵਾਰ ਦਾ,
ਦੁਨੀਆਂ ਵਿਚ ਇਕੋ ਜਿਗਰਾ...........

ਸਿੱਖੀ ਦਾ ਮਹਿਲ ਉਸਾਰੇ, ਨੀਹਾਂ ਵਿਚ ਪੁੱਤਰ ਧਰ ਕੇ,
ਲੱਖਾਂ ਨਾਲ ਇਕ ਲੜਾਏ, ਸ਼ੂਦਰ ਤੋਂ ਉੱਤਮ ਕਰਕੇ।

ਜਲਵਾ ਸੀ ਦੇਖਣ ਵਾਲਾ, ਸੋਹਣੀ ਸਰਕਾਰ ਦਾ,
ਦੁਨੀਆਂ ਵਿਚ ਇਕੋ ਜਿਗਰਾ ...........

ਲੀਰਾਂ ਹੋਈ ਕਿਸਮਤ ਉਸਨੇ, ਜੰਞੂ ਦੀ ਸੀਤੀ ਸੀ,
ਮਾਣਸ ਦੀ ਇਕੋ ਜਾਤ ਹੈ, ਉਸਨੇ ਗੱਲ ਕੀਤੀ ਸੀ,

ਸਭਨਾਂ ਦੇ ਦੁੱਖ ਵੰਡਾਉਂਦਾ, ਹੈਸੀ ਨਰ-ਨਾਰ ਦਾ,
ਦੁਨੀਆਂ ਵਿਚ ਇਕੋ ਜਿਗਰਾ ...............

ਪੁੱਤਰਾਂ ਦੇ ਦਾਨੀ ਤੈਨੂੰ ਮੇਰੀ ਪ੍ਰਣਾਮ ਗੁਰੂ,
ਤੇਰੇ ਹੀ ਸਦਕੇ ਝੰਡੇ, ਝੂਲਣ ਗੁਰਧਾਮ ਗੁਰੂ,

ਲੋਚੇ ਮਨ 'ਖੈਰ ਪੁਰੀ' ਦਾ, ਦਰਸ਼ਨ ਸਰਕਾਰ ਦਾ,
ਦੁਨੀਆਂ ਵਿਚ ਇਕੋ ਜਿਗਰਾ, ਸੋਢੀ-ਸਰਕਾਰ ਦਾ!!



Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

# Superior Quality

# SINGLE BARREL

&

# DOUBLE BARREL

# B. L. — 12 BORE

# GUNS

# MODERN GUN WORKS

**OPP. INDUSTRIAL ESTATE,**
**JAMMU CANTT.**



Sri Satguru Jagjit Singh Ji eLibrary NamdhariElibrary@gmail.com

# ਪੱਛਮੀ ਪੰਜਾਬ ਵਿਚ ਕੁਝ ਦਿਨ

ਕਿਸ਼ਤ — ੬

—ਸੁਵਰਨ ਸਿੰਘ ਵਿਰਕ

ਮਾਂਗਾ ਜ਼ਿਲ੍ਹਾ ਲਾਹੌਰ ਦਾ ਇਕ ਬਜ਼ੁਰਗ ਮੁਸਲਮਾਨ ਉਸਦੇ ਪਿੰਡ ਵਿਚੋਂ ਜੋ ਕੋਈ ਆਇਆ ਹੋਵੇ ਮਿਲਣਾ ਚਾਹੁੰਦਾ ਸੀ। ਮੈਂ ਉਹਨੂੰ ਦੱਸਿਆ ਪਈ ਮੇਰੇ ਪਿੰਡ ਕਰੀਵਾਲੇ ਦਾ ਸਰਪੰਚ ਬੂਟਾ ਸਿੰਘ ਮਾਂਗੇ ਦੇ ਹੀ ਖੰਭਾਂ ਦੇ ਪਰਿਵਾਰ ਵਿਚੋਂ ਹੈ। ਪਿੰਡ ਦੇ ਹੋਰ ਮੰਗਈਆਂ ਦੇ ਬਜ਼ੁਰਗਾਂ ਤੋਂ ਵੀ ਉਹ ਜਾਣੂ ਸੀ।

ਸੱਤ ਨਵੰਬਰ, ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਦਾ ਦਿਨ ਅਸੀਂ ਲਾਹੌਰ ਦੇ ਬਾਜ਼ਾਰਾਂ ਦੀ ਸੈਰ ਕਰਦਿਆਂ ਹੀ ਬਿਤਾਇਆ। ਗੁਰਦਾਸ ਸਿੰਘ ਘਾਰੂ ਨੇ ਕੁਝ ਵਸਤਾਂ ਖਰੀਦਣੀਆਂ ਸਨ। ਮੈਂ ਉਸਨੂੰ ਨਾਲ ਲੈ ਕੇ ਭਾਈ ਤਾਰੂ ਸਿੰਘ ਅਤੇ ਸਿੰਘਣੀਆਂ ਦੇ ਸ਼ਹੀਦ ਗੰਜਾਂ ਦੀ ਯਾਤਰਾ ਕਰਨ ਨਿਕਲ ਪਿਆ। ਪਹਿਲਾਂ ਦੋ ਤਿੰਨ ਕਿਲੋਮੀਟਰ ਲੰਬੇ ਬਾਜ਼ਾਰ ਵਿਚੋਂ ਹੋ ਕੇ ਜਾਣਾ ਪਿਆ। ਬਾਜ਼ਾਰ ਦੇ ਇਕ ਹਿਸੇ ਵਿਚ ਸੀਵਰੇਜ਼ ਦਾ ਪਾਣੀ ਓਵਰ ਫਲੋ ਹੋ ਗਿਆ ਸੀ। ਦੁਕਾਨਦਾਰਾਂ ਨੇ ਇਹ ਜਾਣਕੇ ਕਿ ਅਸੀਂ ਅੱਗੇ ਤਾਰੂ ਸਿੰਘ ਦੇ ਗੁਰਦੁਆਰੇ ਵੱਲ ਜਾਣਾ ਚਾਹੁੰਦੇ ਤਾਂ ਸਾਨੂੰ ਦੋ ਨੌਜਵਾਨ ਮੁੰਡੇ ਅਗਵਾਨੀ ਲਈ ਦੇ ਦਿੱਤੇ ਕਿ ਉਹ ਸਾਨੂੰ ਸੁੱਕੀਆਂ ਗਲੀਆਂ ਵਿਚੋਂ ਦੀ ਲੰਘਾ ਕੇ ਉਧਰ ਪਹੁੰਚਾ ਦੇਣ। ਇਹਨਾਂ ਗਲੀਆਂ ਵਿੱਚ ਹੀ ਤੇ ਵੱਸਦਾ ਏ ਅਸਲੀ ਲਾਹੌਰ। ਭੀੜੀਆਂ ਸੌੜੀਆਂ ਸਨ ਇਹ ਗਲੀਆਂ। ਕਿਤੇ ਕਿਤੇ ਨਵੀਂ ਉਸਾਰੀ ਹੋ ਰਹੀ ਸੀ। ਪੁਰਾਣੀਆਂ ਨਾਨਕਸ਼ਾਹੀ ਇੱਟਾਂ ਦੇ ਸਦੀਆਂ ਪੁਰਾਣੇ ਮਕਾਨ ਢਾਹੇ ਜਾ ਰਹੇ ਸਨ। ਚੂਨੇ ਗੱਚ ਇਮਾਰਤਾਂ ਡਾਟਾਂ ਵਾਲੀਆਂ ਦੀ ਥਾਂ ਸਰੀਆ ਸੀਮੈਂਟ ਤੇ ਲੈਂਟਰ ਲੈ ਰਹੇ ਸਨ। ਇੱਥੋਂ ਲਾਹੌਰ ਦੀ ਪੁਰਾਤਨਤਾ ਦਾ ਅੰਦਾਜ਼ਾ ਵੀ ਸੌਖਿਆਂ ਹੀ ਲਾਇਆ ਜਾ ਸਕਦਾ ਸੀ। ਇਕ ਦੋ ਵੇਰ ਭੀੜੀਆਂ ਗਲੀਆਂ ਅਜਨਬੀ ਨੌਜੁਆਨਾਂ ਨੂੰ ਵੇਖ ਕੇ ਐਵੇਂ ੧੯੪੭ ਚੇਤੇ ਆ ਜਾਂਦਾ ਸੀ, ਜਦੋਂ ਇਹੋ ਗਲੀਆਂ ਹਿੰਦੂ ਸਿੱਖਾਂ ਦੇ ਖੂਨ ਵਿਚ ਰੰਗੀਆਂ ਗਈਆਂ ਸਨ। ਪਰ ਇਹ ਬੰਦੇ ਦਾ ਦੋਸ਼ ਥੋਹੜਾ ਸੀ ਇਹ ਤੇ ਮਜ਼ਬੀ ਜਨੂੰਨ ਸੀ, ਜਿਹਦੇ ਬਾਰੇ ਗੋਧਾ ਸਿੰਘ ਹੋਰਾਂ ਲਿਖਿਆ ਸੀ—

"ਲਾ ਮੁਆਤੇ ਮਜ਼ਬ ਨੇ ਦਿਤੇ ਲੋਕੀਂ ਸਾੜ।
ਸੂਲੀ ਗੱਡ ਤਅੱਸਬ ਦੀ ਉਤੇ ਦਿਤੇ ਚਾੜ੍ਹ।
ਉਤੇ ਦਿਤੇ ਚਾੜ੍ਹ, ਕੁੱਤਿਆਂ ਵਾਂਗੂੰ ਲੜਦੇ।
ਵੇਦ ਗ੍ਰੰਥ ਕੁਰਾਨ ਕਤੇਬਾਂ, ਜਿਉਂ ਜਿਉਂ ਪੜ੍ਹਦੇ।
ਕਹਿ ਗੋਧਾ ਸਿੰਘ 'ਜੱਟ' ਅੰਨੇ ਵਿੱਚ ਡਿੱਗੇ ਖਾਤੇ।
ਦਿਤੇ ਲੋਕੀਂ ਸਾੜ ਮਜ਼ਬ ਨੇ ਲਾ ਮੁਆਤੇ।"

*****

"ਨਾ ਜੜ੍ਹ ਇਸਦੀ ਵਿਚ ਪਤਾਲਾਂ, ਨਾ ਇਹ ਪਾਣੀ ਪੀਵੇ।
ਨਿਰਦੋਸ਼ਾਂ ਤੇ ਨੇਕ ਬੰਦਿਆਂ ਦੀ, ਰੱਤ ਪੀ ਪੀ ਜੀਵੇ।
ਮੰਮਾ, ਜੱਜਾ, ਹਾਹਾ, ਬੱਬਾ, ਮਜ਼ਬ ਏਸ ਨੂੰ ਕਹਿੰਦੇ।
ਕੈਂਚੀ ਵਾਂਗ ਕੁਤਰਦਾ ਜਾਵੇ, ਸੂਈ ਵਾਂਗ ਨਾ ਸੀਵੇ।"

ਅੱਗੇ ਫਿਰ ਬਾਜ਼ਾਰ ਆ ਗਿਆ, ਗਲੀ ਮੁੱਕ ਗਈ ਸੀ ਤੇ ਥੋਹੜਾ ਕੁ ਅਗਾਂਹ ਜਾ ਕੇ ਖੱਬੇ ਹੱਥ, ਗੁਰਦੁਆਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ ਦੀ ਛੋਟੀ ਜਹੀ ਇਮਾਰਤ ਵਾਹਵਾ ਖੁੱਲ੍ਹੇ ਵਿਹੜੇ ਵਿਚ ਖਲੋਤੀ ਸੀ। ਇਹ ਮੈਨੂੰ ਅੱਜ ਤੱਕ ਪਤਾ ਨਹੀਂ ਲੱਗਾ ਕਿ ਉਹ ਕਿਹੜੀ ਸ਼ੈ ਸੀ ਜਿਹਨੇ ਗੁਰਦੁਆਰੇ ਦੇ ਅਹਾਤੇ ਵਿਚ ਪ੍ਰਵੇਸ਼ ਕਰਦਿਆਂ ਹੀ ਮੇਰੇ ਮੂੰਹੋਂ ਬੁਲੰਦ ਆਵਾਜ਼ ਵਿੱਚ-

"ਬੋਲੇ ਸੋ ਨਿਹਾਲ।
ਸਤਿ ਸ੍ਰੀ ਅਕਾਲ" ..........

ਦਾ ਜੈਕਾਰਾ ਛੁਡਾ ਦਿਤਾ। ਇਸ ਦਾ ਜੁਆਬ ਦੇਣ ਵਾਲੇ ਗੁਰਦਾਸ ਸਿੰਘ ਘਾਰੂ ਹੋਰਾਂ ਤੋਂ ਇਲਾਵਾ ਦੋ ਤਿੰਨ ਦੁਆਬੀਏ ਸਿੰਘ ਤੇ ਬੀਬੀਆਂ ਸਨ ਜੋ ਸਾਥੋਂ ਪਹਿਲਾਂ ਇੱਥੇ ਪੁੱਜ ਹੋਏ ਸਨ। ਭਾਈ ਤਾਰੂ ਸਿੰਘ ਅਠਾਰ੍ਹਵੀਂ ਸਦੀ ਵਿਚ ਹੋਣ ਵਾਲੇ ਸ਼ਹੀਦ ਸਿੰਘਾਂ ਦੀ ਪਹਿਲੀ ਪਾਲ ਵਿੱਚ ਸ਼ਾਮਿਲ ਹਨ। ਉਹ ਸਿੱਖੀ ਸਿਦਕ ਦੇ ਪ੍ਰਤੀਕ ਹਨ। ਉਹਨਾਂ ਦੀ ਮਹਾਨ ਸ਼ਹਾਦਤ ਨਾਲ ਮੁਗਲ ਸੱਤਾ ਦਾ ਜ਼ਵਾਲ ਸ਼ੁਰੂ ਹੋ ਜਾਂਦਾ ਹੈ। ਉਹ ਅੰਮ੍ਰਿਤਸਰ ਜ਼ਿਲ੍ਹੇ ਦੇ ਪੂਹਲੇ ਪਿੰਡ ਦੇ ਰਹਿਣ ਵਾਲੇ ਸਨ। ਖੇਤੀ ਬਾੜੀ ਕਰਕੇ ਆਪਣੇ ਪਰਿਵਾਰ ਦਾ, ਜਿਸ ਵਿਚ ਬਿਰਧ ਮਾਤਾ ਅਤੇ ਇਕ ਅਣਵਿਆਹੀ ਭੈਣ ਦਾ ਜ਼ਿਕਰ ਹੈ, ਨਿਰਬਾਹ ਕਰਦੇ ਅਤੇ ਹਕੂਮਤੀ ਜਬਰ ਦਾ ਸ਼ਿਕਾਰ ਗੁਰੀਲੇ ਸਿੰਘਾਂ ਨੂੰ ਲੰਗਰ ਪਾਣੀ ਵੀ ਛਕਾਉਂਦੇ ਸਨ। ਇਸ ਦੋਸ਼ ਤਹਿਤ ਉਹਨਾਂ ਨੂੰ ਲਾਹੌਰ ਦੇ ਸੂਬੇ ਵੱਲੋਂ ਗਿਰਫ਼ਤਾਰ ਕਰਵਾ ਕੇ ਆਪਣੇ ਸਾਹਮਣੇ ਮੌਤ ਜਾਂ ਇਸਲਾਮ ਵਿਚੋਂ ਇਕ ਚੁਨਣ ਲਈ ਕਿਹਾ ਗਿਆ। ਭਾਈ ਜੀ ਨੇ ਬੜੀ ਧੀਰਜ ਨਾਲ ਕਈ ਦਿਨ ਕਸ਼ਟ ਬਰਦਾਸ਼ਤ ਕਰਕੇ ਸ਼ਹੀਦੀ ਵਰੀ ਸੀ। ਛੋਟੇ ਹੁੰਦਿਆਂ ਸੋਹਣ ਸਿੰਘ ਸੀਤਲ ਹੋਰਾਂ ਦੇ ਢਾਡੀ ਪ੍ਰਸੰਗਾਂ ਵਿਚੋਂ ਗਿਰਫ਼ਤਾਰੀ ਸਮੇਂ ਸ਼ਹੀਦ ਦੀ ਭੈਣ ਅਤੇ ਮਾਤਾ ਦਾ ਸੰਵਾਦ ਅਸੀਂ ਵਿਦਿਆਰਥੀ ਸ਼ਨੀਵਾਰ ਅੱਧੀ ਛੁੱਟੀ ਸਮੇਂ ਸੱਭਿਆਚਾਰਕ ਪ੍ਰੋਗਰਾਮਾਂ ਦੀ ਘੰਟੀ ਵਿਚ ਸੁਣਾਇਆ ਕਰਦੇ ਸਾਂ:



Sri Satguru Jagjit Singh Ji eLibrary NamdhariElibrary@gmail.com

"ਆਖਦੀ ਹੈ ਭੈਣ ਵੀਰ ਜ਼ਰਾ ਠਹਿਰ ਵੇ।
ਤੇਰੇ ਉਤੇ ਪਾਪੀਆਂ ਕਮਾਇਆ ਕਹਿਰ ਵੇ।
ਬੰਨ ਤੁਰੇ ਤੈਨੂੰ ਮਾਰ ਕੇ ਜ਼ੰਜ਼ੀਰ ਵੇ।
ਵੇਖੀਂ ਕਿਤੇ ਚਿੱਤ ਨਾਂ ਡੁਲਾਵੀਂ ਵੀਰ ਵੇ।

ਮਾਤਾ ਦੀ ਸਿਖਿਆ ਸੀ ਕਿ ਜਦੋਂ ਬੰਦੇ ਨੇ ਇਕ ਵੇਰ ਹੀ ਆਪਣੀ ਉਮਰ ਭੋਗਣੀ ਹੈ ਤਾਂ ਫਿਰ ਉਹ ਸ੍ਵੈਮਾਨ ਨਾਲ ਕਿਉਂ ਨਾ ਭੋਗੇ—

"ਦੁਨੀਆਂ ਤੇ ਬੱਚਾ ਦੂਜੀ ਵੇਰ ਆਉਣਾ ਨਹੀਂ।"

ਸਿੱਖ ਰਵਾਇਤ ਮੁਤਾਬਿਕ ਜਦੋਂ ਨਾਈ ਤੋਂ ਧੱਕੇ ਨਾਲ ਤਾਰੂ ਸਿੰਘ ਦੇ ਕੇਸ ਕਟਵਾਏ ਜਾਣ ਲੱਗੇ ਤਾਂ ਉਹ ਕੱਟੇ ਨਾ ਗਏ। ਫਿਰ ਸਣੇ ਕੇਸਾਂ ਦੇ ਉਹਨਾਂ ਦੀ ਖੋਪਰੀ ਮੋਚੀ ਬੁਲਾਕੇ ਰੰਬੀ ਨਾਲ ਲੁਹਾਈ ਗਈ। ਬਿਨਾਂ ਖੋਪਰੀ ਤੋਂ ਹੀ ਕਈ ਦਿਨ ਉਹ ਆਪਣੀ ਉਚ ਆਤਮਿਕ ਅਵਸਥਾ ਸਦਕਾ ਇਲਾਹੀ ਰੰਗਣਾਂ ਵਿਚ ਰੰਗੇ ਰਹੇ। ਇਸੇ ਸਮੇਂ ਦੌਰਾਨ ਸੂਬੇ ਨੂੰ ਪੇਸ਼ਾਬ ਦਾ ਬੰਨ੍ਹ ਪੈ ਗਿਆ। ਵੈਦਾਂ ਹਕੀਮਾਂ ਤੋਂ ਲਾਚਾਰ ਹੋ ਕੇ ਉਹਨੇ ਲਾਹੌਰ ਦੀ ਸਿੱਖ ਸੰਗਤ ਨੂੰ ਉਸਦੇ ਗੁਨਾਹ ਦੀ ਤਲਾਫੀ ਦੀ ਮੰਗ ਕੀਤੀ। ਸੰਗਤ ਨੇ ਕਿਹਾ ਕਿ ਇਕੋ ਰਸਤਾ ਹੈ ਪੇਸ਼ਾਬ ਖੁੱਲਣ ਦਾ— "ਭਾਈ ਤਾਰੂ ਸਿੰਘ ਦੀ ਜੁੱਤੀ ਤੇਰੇ ਸਿਰ ਵਿਚ ਵੱਜੇਗੀ ਤਾਂ ਪੇਸ਼ਾਬ ਆ ਜਾਏਗਾ।" ਇਉਂ ਹੀ ਕੀਤਾ ਗਿਆ ਅਤੇ ਇਸ ਤਰ੍ਹਾਂ ਭਾਈ ਤਾਰੂ ਸਿੰਘ ਹੋਰਾਂ ਦਾ ਉਹ ਅਹਿਦ ਵੀ ਪੂਰਾ ਹੋ ਗਿਆ ਕਿ ਹੰਕਾਰੀ ਸੂਬੇ ਤੈਨੂੰ ਜੁੱਤੀ ਅੱਗੇ ਲਾਕੇ ਲੈ ਕੇ ਜਾਣਾ ਹੈ। ਇਸ ਕਥਾ ਦੁਆਰਾ ਸਿੱਖ ਮਾਨਸਿਕਤਾ ਵਿਚ ਆਪਣੀਆਂ ਵਕਤੀ ਹਾਰਾਂ ਉਤੇ ਚੜ੍ਹਦੀ ਕਲਾ ਦੀ ਮੋਹਰ ਲਾਈ ਗਈ ਹੈ।

ਰਤਨ ਸਿੰਘ ਭੰਗੂ ਆਪਦੇ "ਪ੍ਰਾਚੀਨ ਪੰਥ ਪ੍ਰਕਾਸ਼" ਵਿਚ ਤਾਰੂ ਸਿੰਘ ਹੋਰਾਂ ਬਾਰੇ ਇਉਂ ਲਿਖਦੇ ਹਨ, ਜਿਸ ਵਿਚ ਸਿੱਖ ਫ਼ਲਸਫ਼ੇ ਦੀ ਵਿਲੱਖਣ ਹੋਂਦ ਦਾ ਗਿਆਨ ਵੀ ਹੁੰਦਾ ਹੈ:

'ਪੂਲੋ ਪਿੰਡ ਇਕੰ ਮਾਲੇ ਮਾਹੀ।
ਤਾਰੂ ਸਿੰਘ ਤਹਿ ਖੇਤੀ ਕਰੇ।
ਸਾਥ ਪਿੰਡ ਵਹਿ ਹਾਲਾ ਭਰੇ।
ਦੇਹ ਹਾਕਮ ਕਛ ਥੋੜ੍ਹਾ ਖਾਵੈ।
ਬਚੇ ਸਿੰਘਨ ਕੇ ਪਾਸ ਪੁਚਾਵੈ।
ਹੈ ਉਸ ਕੀ ਇਕ ਭੈਣ ਅਰ ਮਾਈ।
ਪੀਸ ਕੂਟ ਵੈ ਕਰੈਂ ਕਮਾਈ।
ਆਪ ਖਾਇ ਵਹਿ ਰੂਖੀ ਮਿੱਸੀ।
ਮੋਟਾ ਪਹਿਰ ਆਪ ਰਹਿ ਲਿੱਸੀ।
ਜੋਊ ਬਚੇ ਸੋ ਸਿੰਘਨ ਦੇਵੈ।
ਉਇ ਬਿਨ ਸਿੰਘਨ ਔਰ ਨ ਸੇਵੈ।
ਬਾਂਗ ਸਲਾਤ ਸੁਣ ਮੂੰਦੇ ਕਾਨ।
ਰੋਟ ਸ਼ੀਰਨੀ ਪੀਰ ਨ ਖਾਨ।
ਸ਼ਬਦ ਚੌਕੀ ਗੁਰ ਅਪਨੇ ਕੀ ਕਰੇ।
ਸੋ ਮਰਨੇ ਤੇ ਨੈਕ ਨ ਡਰੇ।
ਗੰਗਾ ਜਮੁਨਾ ਨਿਕਟ ਨ ਜਾਵੈ।
ਅਪਨੇ ਗੁਰ ਕੀ ਛੱਪੜੀ ਨਾਵੈ।
ਜਗਨ ਨਾਥ ਕੋ ਟੁੰਡਾ ਆਖੈ।
ਰਾਮ ਕਿਸ਼ਨ ਕੋ ਜਾਪ ਨ ਭਾਖੈ।"

ਭਾਈ ਤਾਰੂ ਸਿੰਘ ਨੇ ੧੭੪੫ ਈ. ਵਿਚ ਸ਼ਹੀਦੀ ਪ੍ਰਾਪਤ ਕੀਤੀ ਅਤੇ ਇਸ ਤੋਂ ਵੀਹ ਕੁ ਸਾਲਾਂ ਬਾਦ ਅਬਦਾਲੀ ਨੂੰ ਵੱਡੇ ਘੱਲੂਘਾਰੇ ਵਿੱਚ ਟੱਕਰ ਕੇ ਸਿੱਖਾਂ ਨੇ ਆਪਣੀਆਂ ਬਾਰਾਂ ਮਿਸਲਾਂ ਸਥਾਪਿਤ ਕਰਕੇ ਰਾਜ-ਭਾਗ ਦੀ ਨਿਸ਼ਾਨ-ਦੇਹੀ ਕਰਨੀ ਸ਼ੁਰੂ ਕਰ ਦਿਤੀ ਸੀ। ਪੰਜਾਬ ਦੇ ਇਤਿਹਾਸ ਉਤੇ ਇਸ ਸ਼ਹੀਦੀ ਦਾ ਯੁੱਗ-ਪਲਟਾਊ ਅਸਰ ਪਿਆ। ਇਸ ਲਈ ਭਾਈ ਤਾਰੂ ਸਿੰਘ ਦੇ ਸ਼ਹੀਦ ਗੰਜ ਦੇ ਦਰਸ਼ਨ ਕਰਕੇ ਮੈਂ ਭਾਵਾ ਵੇਗ ਵਿਚ ਵਹਿ ਕੇ ਆਨੰਦ ਵਿਭੋਰ ਹੋ ਉੱਠਿਆ ਸਾਂ।

ਇਸ ਗੁਰਦੁਆਰੇ ਦੇ ਨਾਲ ਹੀ ਇਕ ਮਕਬਰਾ ਸੀ ਜਿਹੜਾ ਸਾਈਂ ਮੀਆਂ ਮੀਰ ਪ੍ਰਸਿੱਧ ਸੂਫ਼ੀ ਫ਼ਕੀਰ ਦੇ ਕਿਸੇ ਸਾਥੀ ਦਾ ਸੀ। ਅੰਗ੍ਰੇਜ਼ੀ ਰਾਜ ਸਮੇਂ ਇਸ ਮਕਬਰੇ ਅਤੇ ਗੁਰਦੁਆਰੇ ਦਾ ਵੀ ਕਾਫ਼ੀ ਝਗੜਾ ਰਿਹਾ ਸੀ, ਪਰ ਹੁਣ ਇਹ ਦੋਵੇਂ ਇੱਕੋ ਸਾਂਝੇ ਅਹਾਤੇ ਵਿਚ ਬੜੇ ਅਮਨ-ਅਮਾਨ ਨਾਲ ਖਲੋਤੇ ਸਨ। ਮੁਲਕਾਂ ਦੇ ਹਾਲਾਤ ਇਸ ਤਰ੍ਹਾਂ ਬਦਲਦੇ ਤਾਂ ਰਹਿੰਦੇ ਹਨ, ਪਰ ਇਹ ਵੱਸੋਂ ਦੇ ਤਬਾਦਲੇ ਵਾਲੀ ਗੜਬੜ ਠੀਕ ਨਹੀਂ ਜਾਪਦੀ। ਪਾਕਿਸਤਾਨ ਵਿਚ ਕਿੰਨਾ ਕੁਝ ਹੈ ਜਿਹਨੂੰ ਅਸੀਂ ਵੇਖਣ ਲਈ ਤਾਂਘਦੇ ਰਹਿੰਦੇ ਹਾਂ ਅਤੇ ਇਉਂ ਹੀ ਸਾਡੇ ਵੱਲ ਉਹ ਕੁਝ ਹੈ ਜੋ ਪਾਕਿਸਤਾਨੀ ਨਿਵਾਸੀਆਂ ਦੀ ਖਿੱਚ ਦਾ ਕੇਂਦਰ ਬਣਿਆ ਰਹੇਗਾ। ਇਕ ਬਜ਼ੁਰਗ ਮੁਸਲਮਾਨ ਨੇ ਜਦੋਂ ਦੁਆਬੀਏ ਸਿੰਘਾਂ ਤੋਂ ਉਹਨਾਂ ਦਾ ਪਿੰਡ ਪੁੱਛਿਆ ਤਾਂ ਉਹ ਪਿੰਡ ਉਸਦੇ ਨਾਨਕਿਆਂ ਦਾ ਪਿੰਡ ਸੀ। ਜਿਸ ਦੀਆਂ ਗਲੀਆਂ ਵਿਚ ਉਸ ਤੁਰਨਾ ਸਿਖਿਆ ਸੀ। ਜਿਸਦੇ ਵਿਹੜਿਆਂ ਵਿਚ ਉਹ ਰਿੜਦਾ ਰਿਹਾ ਸੀ। ਉਸ ਬਜ਼ੁਰਗ ਦੀ ਚਿੱਟੀ ਦਾਹੜੀ ਅੱਥਰੂਆਂ ਨਾਲ ਧੋਤੀ ਗਈ ਸੀ। ਕੀ ਕਰੋਗੇ ਬਈ ਦੋ ਕੌਮਾਂ ਦੇ ਸਿਧਾਂਤ ਘੜਨ ਵਾਲਿਓ! ਇਹਨਾਂ ਅੱਥਰੂਆਂ ਦਾ, ਜੋ ਰੈਡ ਕਲਿੱਫ ਲਾਈਨ ਦੇ ਦੋਹੀਂ ਪਾਸੀਂ ਵਹਿ ਰਹੇ ਹਨ, ਅੱਧੀ ਸਦੀ ਬੀਤਣ ਬਾਅਦ ਵੀ ਤੇ ਪਤਾ ਨਹੀਂ ਹੋਰ ਕਿੰਨੀਆਂ ਅੱਧੀਆਂ ਜਾਂ ਪੂਰੀਆਂ ਸਦੀਆਂ ਤਕ ਵਹਿੰਦੇ ਰਹਿਣਗੇ। ਸ਼ਾਇਦ ਦੁਨੀਆਂ ਦੇ ਜ਼ਿਆਦਾ ਨੀਤੀਵਾਨ ਅਤੇ ਸਫ਼ਲ ਵਿਅਕਤੀ ਅੱਥਰੂਆਂ ਦੀ ਭਾਸ਼ਾ ਨੂੰ ਸਮਝਣ ਵਿਚ ਅਸਫ਼ਲ ਹੁੰਦੇ ਹਨ।

ਔਕਾਫ਼ ਦਾ ਇਕ ਮੁਲਾਜ਼ਿਮ ਸ਼੍ਰੋਮਣੀ ਕਮੇਟੀ ਦੇ ਇਕ ਸੂਬੇਦਾਰ ਦੀ ਹਦਾਇਤ ਮੂਜਬ ਇਸ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਦੀ ਸੇਵਾ ਕਰਵਾ ਰਿਹਾ ਸੀ। ਇਸੇ ਬਾਜ਼ਾਰ ਵਿਚ ਥੋਹੜਾ



Sri Satguru Jagjit Singh Ji eLibrary NamdhariElibrary@gmail.com

ਕੁ ਅੱਗੇ ਜਾ ਕੇ ਸੱਜੇ ਹੱਥ ਸਿੰਘਣੀਆਂ ਦਾ ਸ਼ਹੀਦ ਗੰਜ ਸੀ। ਜਿਹੜੀਆਂ ਬੀਬੀਆਂ ਨੂੰ ਅਠਾਰਵੀਂ ਸਦੀ ਦੇ ਇਸ ਕਾਲੇ ਦੌਰ ਵਿਚ ਹਕੂਮਤ ਦੀ ਸਖ਼ਤੀ ਦਾ ਸ਼ਿਕਾਰ ਹੋਣਾ ਪਿਆ ਸੀ। ਜਿਹਨਾਂ ਦੀ ਮਹਾਨ ਗਾਥਾ ਨੂੰ ਰੋਜ਼ਾਨਾ ਸਿੱਖ ਸੰਗਤ ਆਪਣੀ ਅਰਦਾਸ ਵਿਚ ਦੁਹਰਾਉਂਦੀ ਹੈ। ਇੱਥੇ ਵੀ ਇਕ ਔਕਾਫ਼ ਦਾ ਸੱਜਣ ਬੈਠਾ ਸੀ। ਇਸ ਗੁਰਦੁਆਰੇ ਵਿਚ ਇਕ ਵਾਹਵਾ ਵੱਡਾ ਖੂਹ ਵੀ ਸੀ ਅਤੇ ਕੁਝ ਕਮਰਿਆਂ ਦੀ ਨਵੀਂ ਉਸਾਰੀ ਦਾ ਕੰਮ ਇੱਥੇ ਵੀ ਚੱਲ ਰਿਹਾ ਸੀ। ਲਾਹੌਰ ਵਿਚ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਗੁਰਦੁਆਰਾ ਬਾਉਲੀ ਸਾਹਿਬ ਵੀ ਹੈ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਯਾਦ ਵਿਚ ਗੁਰਦੁਆਰਾ ਮੁਜੰਗ ਵਿਚ ਹੈ, ਪਰ ਹੁਣ ਘੜੀ ਦੀਆਂ ਸੂਈਆਂ ਚਾਰ ਵੱਲ ਵਧ ਰਹੀਆਂ ਸਨ। ਇਸ ਲਈ ਸ਼ਹੀਦ ਗੰਜਾਂ ਤੋਂ ਬਾਦ ਫਿਰ ਬੱਸਾਂ ਤੇ ਚੜ੍ਹ ਕੇ ਸ਼ਾਹੀ ਕਿਲੇ ਪਾਸ ਉੱਤਰ ਕੇ ਡੇਹਰਾ ਸਾਹਿਬ ਗਏ ਅਤੇ ਇੱਥੋਂ ਦੇ ਪੰਜਾਬੀ ਪਿਆਰਿਆਂ ਨਾਲ ਮੁਲਾਕਾਤ ਦੀ ਉਡੀਕ ਕਰਨ ਲੱਗ ਪਏ। ਘੁੰਮਣ ਹੋਰਾਂ ਨੂੰ ਫੋਨ ਕੀਤਾ ਤਾਂ ਉਹਨਾਂ ਦਾ ਜੁਆਬ ਆਇਆ ਕਿ ਪੰਦਰਾਂ ਮਿੰਟਾਂ ਤੱਕ ਉਹਨਾਂ ਦੀ ਗੱਡੀ ਸਾਨੂੰ ਲੈਣ ਡੇਹਰਾ ਸਾਹਿਬ ਦੇ ਬਾਹਰ ਪੁੱਜ ਜਾਏਗੀ। ਅਸਪਾਲ ਸਾਥੋਂ ਖਰੀਦਦਾਰੀ ਕਾਰਨ ਨਿੱਖੜ ਗਿਆ। ਨਰਾਇਣ ਬਾਜਵਾ ਵੀ ਉਹਦੇ ਨਾਲ ਹੀ ਸੀ। ਪ੍ਰਿੰਸੀਪਲ ਸ਼ੇਰ ਸਿੰਘ ਸ਼ੇਰ, ਗੁਰਦਾਸ ਸਿੰਘ ਘਾਰੂ ਅਤੇ ਮੈਂ ਉਸ ਗੱਡੀ ਵਿਚ ਬੈਠਕੇ ਸਵਾ ਕੁ ਚਾਰ ਵਜੇ ਸ਼ਾਮ ਦੇ ਬਿਲਾਲਗੰਜ, ੨੪, ਅਮੀਰ ਰੋਡ, ਸਥਿੱਤ ਇਲੀਅਸ ਘੁੰਮਣ ਦੇ ਦਫ਼ਤਰ ਵਿਚ ਪੁੱਜ ਗਏ। ਜੋ ਕਿ ਗੁਰਦੁਆਰਾ ਡੇਹਰਾ ਸਾਹਿਬ ਤੋਂ ੧੦ ਕੁ ਮਿੰਟਾਂ ਦਾ ਹੀ ਸਫ਼ਰ ਸੀ।

ਘੁੰਮਣ ਸਾਹਿਬ ਦਾ ਦਫ਼ਤਰ ਉਹਨਾਂ ਦੁਆਰਾ ਛਾਪੀਆਂ ਪੰਜਾਬੀ ਪੁਸਤਕਾਂ ਅਤੇ ਰਸਾਲਿਆਂ ਨਾਲ ਭਰਿਆ ਪਿਆ ਸੀ। ਵੱਡੀ ਮੇਜ਼ ਦੇ ਗਿਰਦ ਵੀ ਤੇ ਕੰਧ ਨਾਲ ਡੱਠੀਆਂ ਕੁਰਸੀਆਂ ਤੇ ਪਾਕਿਸਤਾਨੀ ਪੰਜਾਬੀ ਪਿਆਰੇ ਰਚਨਾਕਾਰ ਸਜੇ ਹੋਏ ਸਨ। ਸਾਨੂੰ ਉਹਨਾਂ ਬੜੇ ਮਾਣ ਸਤਿਕਾਰ ਨਾਲ ਬੈਠਾਇਆ ਅਤੇ ਜਲ ਪਾਣੀ ਛਕਾਇਆ। ਬਾਦ ਵਿਚ ਚਾਹ ਅਤੇ ਮਠਿਆਈਆਂ ਵੀ ਚੱਲੀਆਂ। ਅਤੇ ਜਦੋਂ ਸਮਾਂ ਨਿੱਖੜਣ ਦਾ ਆਇਆ ਕੋਈ ਤਿੰਨ ਘੰਟਿਆਂ ਬਾਦ ਫਿਰ ਫਲੌਹਾਰ ਵੀ ਕਰਵਾਇਆ ਗਿਆ। ਦਫ਼ਤਰ ਦੇ ਕਮਰੇ ਦੀਆਂ ਸ਼ੈਲਫਾਂ ਤੇ ਹਿੰਦੁਸਤਾਨੀ ਪੰਜਾਬ ਦੇ ਬਹੁਤ ਸਾਰੇ ਅਦਾਰਿਆਂ ਵੱਲੋਂ ਦਿੱਲੀ ਦੀਆਂ ਕੁਝ ਸੰਸਥਾਵਾਂ ਵਲੋਂ ਘੁੰਮਣ ਹੋਰਾਂ ਨੂੰ ਵੱਖ ਵੱਖ ਸਮਿਆਂ ਵਿਚ ਭੇਂਟ ਕੀਤੇ ਗਏ ਯਾਦਗਾਰੀ ਚਿੰਨ੍ਹ ਚੋਖੀ ਗਿਣਤੀ ਵਿਚ ਪਏ ਸਨ, ਜੋ ਘੁੰਮਣ ਸਾਹਿਬ ਦੀ ਦੋਹਾਂ ਪੰਜਾਬਾਂ ਨੂੰ ਜੋੜਨ ਲਈ ਪੁਲ ਵਾਂਗ ਉੱਸਰੀ ਸ਼ਖਸ਼ੀਅਤ ਦੀ ਸ਼ਾਹਦੀ ਭਰ ਰਹੇ ਸਨ।

ਇਲੀਆਸ ਘੁੰਮਣ ੩੫-੩੬ ਵਰ੍ਹਿਆਂ ਦੀ ਉਮਰ ਦਾ ਗਭਰੇਟ ਏ। ਉਹ ਜੰਮਪਲ ਤੇ ਜ਼ਿਲ੍ਹੇ ਗੁਜਰਾਂਵਾਲੇ ਦਾ ਹੈ। ਪੇਸ਼ੇ ਵਜੋਂ ਇੰਜੀਨੀਅਰ, ਪਰ ਹੁਣ ਲੱਗਦਾ ਏ ਕਿ ਉਹਦਾ ਪੇਸ਼ਾ ਦੋਹਾਂ ਪੰਜਾਬਾਂ ਦੀ ਸਾਂਝ ਨੂੰ ਹੋਰ ਪੀਡਿਆਂ ਕਰਨਾ ਹੈ। ਉਹ ਪੰਜਾਬੀ ਜ਼ੁਬਾਨ ਦਾ ਸ਼ਾਹਮੁੱਖੀ ਲਿਪੀ ਵਿਚ ਇਕ ਪਰਚਾ 'ਰਵੇਲ' ਮਾਹਵਾਰੀ ਵੀ ਕੱਢਦਾ ਹੈ, ਜਿਹੜਾ ਕਿ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਦੀਆਂ ਸਾਹਿਤਕ ਸੱਭਿਆਚਾਰਕ ਤੇ ਹੋਰ ਸੂਚਨਾਵਾਂ ਲੋਕਾਂ ਤੱਕ ਪੁਚਾਉਣ ਦਾ ਇਕ ਮੁਖ ਪੱਤਰ ਬਣ ਚੁੱਕਿਆ ਹੈ। ਇਲੀਆਸ ਨੂੰ ਸਿੱਖ ਸਾਹਿਤ ਅਤੇ ਇਤਿਹਾਸ ਨਾਲ ਵੀ ਡੂੰਘੀ ਮੱਸ ਹੈ ਅਤੇ ਇਸ ਸਬੰਧੀ ਉਸ ਦਾ ਮੁਤਾਲਿਆ ਪ੍ਰਮਾਣੀਕ ਹੋ ਨਿਬੜਿਆ ਹੈ। ਉਹਦੇ ਯਤਨਾਂ ਨਾਲ ਪਾਕਿਸਤਾਨ ਵਿਚਲੇ ਸਿਖ ਗੁਰਧਾਮਾਂ ਦੇ ਅੱਖਰੀ ਦਰਸ਼ਨ ਇਧਰ ਦੀਆਂ ਸੰਗਤਾਂ ਨੂੰ ਹੁੰਦੇ ਰਹਿੰਦੇ ਹਨ ਅਤੇ ਪਾਕਿਸਤਾਨ ਸਰਕਾਰ ਅਤੇ ਔਕਾਫ ਵਾਲੇ ਉਹਨਾਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਲੱਗੇ ਹਨ। ਗੁਰਦੁਆਰਾ "ਸੱਚਾ ਸੌਦਾ, ਚੂਹੜਕਾਣਾ" ਨੂੰ ਸੰਗਤ ਦੇ ਦਰਸ਼ਨਾਂ ਲਈ ਖੋਹਲਣਾ ਉਸਦੇ ਯਤਨਾਂ ਦਾ ਨਤੀਜਾ ਹੈ ਅਤੇ ਹੁਣ ਉਹ ਏਮਨਾਬਾਦ ਸਥਿਤ ਗੁਰਦੁਆਰਾ ਰੋੜੀ ਸਾਹਿਬ ਬਾਰੇ ਕਾਫ਼ੀ ਸੰਜੀਦਾ ਹੈ ਕਿ ਸੰਗਤਾਂ ਇੱਥੇ ਵੀ ਪੁੱਜ ਸਕਣ। ਉਸਦੇ ਮਿੱਤਰ ਇਕਬਾਲ ਕੈਸਰ ਨੇ ਪਾਕਿਸਤਾਨ ਵਿਚਲੇ ਸਮੂਹ ਗੁਰਧਾਮਾਂ ਬਾਰੇ ਇੱਕ ਤੋਂ ਵੱਧ ਭਾਸ਼ਾਵਾਂ ਵਿਚ ਇਕ ਵੱਡ-ਆਕਾਰੀ ਪੋਥੀ ਵੀ ਪ੍ਰਕਾਸ਼ਿਤ ਕਰਵਾਈ ਹੈ, ਪ੍ਰੰਤੂ ਉਸਦਾ ਮੁੱਲ ਦੋ ਹਜ਼ਾਰ ਰੁਪੈ ਹੋਣ ਕਾਰਨ ਆਮ ਪਾਠਕ ਦੀ ਪਹੁੰਚ ਤੋਂ ਬਾਹਰ ਹੈ।

ਘੁੰਮਣ ਨੇ ਦੱਸਿਆ ਕਿ ਉਹ ਕੁਲਵੰਤ ਸਿੰਘ ਵਿਰਕ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ ਆਦਿਕ ਪ੍ਰਸਿੱਧ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਦਾ ਲਿਪੀਅੰਤਰ ਕਰਕੇ ਇਧਰ ਛਾਪ ਰਹੇ ਹਨ। ਸਮੁੱਚੀ ਦੁਨੀਆਂ ਦੀ ਇਕ ਸਾਲ ਦੀ ਚੋਣਵੀਂ ਪੰਜਾਬੀ ਰਚਨਾ ਤੇ ਆਧਾਰਿਤ ਸ਼ਾਹਮੁਖੀ ਲਿਪੀ ਵਿਚ ਉਸ ਦੁਆਰਾ ਪ੍ਰਕਾਸ਼ਿਤ ਵਰ੍ਹੇਵਾਰ ਸਾਹਿਤ ਦੇ ਸਲਾਨਾ ਅੰਕ ਪੰਜਾਬੀ ਸਾਹਿਤ ਦੇ ਪਾਠਕਾਂ ਅਤੇ ਪਾਰਖੂਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਚੁੱਕੇ ਹਨ। ਇਧਰਲੇ ਪੰਜਾਬ ਦਾ ਕੋਈ ਵੀ ਸਾਹਿਤਕ ਰੁਚੀਆਂ ਰੱਖਣ ਵਾਲਾ ਵਿਅਕਤੀ ਲਾਹੌਰ ਜਾਵੇ ਤਾਂ ਇਲੀਆਸ ਘੁੰਮਣ ਦੀ ਪ੍ਰਾਹੁਣਾਚਾਰੀ ਨੂੰ ਨਾ ਮਾਣੇ ਅਜਿਹਾ ਹੋ ਨਹੀਂ ਸਕਦਾ ਅਤੇ ਉਸਦੀ ਨਿਸ਼ਕਾਮ ਸੇਵਾ ਦੀ ਮਾਨਤਾ ਵਜੋਂ ਹਰ ਵਰ੍ਹੇ ਜੋ ਸਿਖ ਜਥੇ ਉਧਰ ਜਾਂਦੇ ਹਨ। ਉਹ ਘੁੰਮਣ ਨੂੰ ਮਿਲ ਕੇ ਆਪਣੀ ਦੋਸਤੀ ਦਾ ਨਿਘ ਜਾਂ ਕੋਈ ਹੋਰ ਚਿੰਨ੍ਹ ਜ਼ਰੂਰ ਭੇਟ ਕਰਦੇ ਹਨ ਉਹ ਖਾਲਸਾ ਸਾਜਨਾ ਦੀ ਤੀਜੀ ਸ਼ਤਾਬਦੀ ਸਮੇਂ ਉਧਰ ਵੀ ਕੁਝ ਪ੍ਰੋਗਰਾਮ ਉਲੀਕ ਰਹੇ ਹਨ।

ਘੁੰਮਣ ਹੋਰਾਂ ਤੋਂ ਬਾਦ ਜਿਹੜੀ ਸ਼ਖਸੀਅਤ ਨੇ ਉਸ ਮਿਲਣੀ ਵਿਚ ਪ੍ਰਭਾਵਿਤ ਕੀਤਾ ਉਹ ਰਾਇ ਅਜ਼ੀਜ਼ ਉੱਲਾ ਖਾਨ ਦੀ


Sri Satguru Jagjit Singh Ji eLibrary NamdhariElibrary@gmail.com

ਹੈ, ਜੋ ੬੫ ਐਫ, ਮਾਡਲ ਟਾਊਨ ਲਾਹੌਰ ਵਿਚ ਨਿਵਾਸ ਰੱਖਦੇ ਹਨ ਤੇ ਇਸ ਮਿਲਣੀ ਲਈ ਉਚੇਚੇ ਆਏ ਹੋਏ ਸਨ। ਇਹ ਖਾਨ ਸਾਹਿਬ ਰਾਏਕੋਟ ਵਾਲੇ ਉਸਰਾਇ ਕੱਲਾ ਦੇ ਵੰਸ਼ਜ ਹਨ, ਜਿਹਨਾਂ ਨੇ ਆਪਣੇ ਪਾਲੀ ਨੂਰੇ ਮਾਹੀ ਨੂੰ ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਲਿਆ ਕੇ ਦਿੱਤੀ ਸੀ ਜਦੋਂ ਗੁਰੂ ਸਾਹਿਬ ਨੂੰ ਮੁਗ਼ਲ ਹਕੂਮਤ ਦੀ ਪ੍ਰਵਾਹ ਨਾ ਕਰਦਿਆਂ ਰਾਇ ਕੱਲੇ ਨੇ ਆਪਣੇ ਘਰ ਠਹਿਰਾਇਆ ਸੀ। ਅਤੇ ਇਉਂ ਸਿਖ ਮੁਸਲਿਮ ਸਬੰਧਾਂ ਵਿਚ ਇਕ ਖ਼ੂਬਸੂਰਤ ਅਧਿਆਇ ਦੀ ਸਿਰਜਣਾ ਕੀਤੀ ਸੀ। ਗੁਰੂ ਜੀ ਨੇ ਇਸਦੀ ਸੇਵਾ ਭਾਵਨਾ ਤੇ ਪ੍ਰਸੰਨ ਹੋ ਕੇ ਧਾਤ ਦਾ ਬਣਿਆ ਇਕ ਗੰਗਾ ਸਾਗਰ, ਇਕ ਪੋਥੀ ਪੜ੍ਹਨ ਵਾਲੀ ਰੀਹਲ ਅਤੇ ਇਕ ਖੰਡਾ ਇਹਨਾਂ ਨੂੰ ਬਖਸ਼ਿਸ਼ ਕੀਤਾ ਸੀ। ਇਸ ਖੰਡੇ ਜਾਂ ਤਲਵਾਰ ਬਾਰੇ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ "ਮਾਲਵਿੰਦਰ" ਮਹਾਂ ਕਾਵਿ ਵਿਚ ਲਿਖਿਆ ਹੈ ਕਿ ਰਾਇ ਕੱਲੇ ਦੀ ਵੰਸ਼ ਵਿਚੋਂ ਇਕ ਖਾਨ ਨੇ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਭੇਟ ਕਰਨੀ ਚਾਹੀ ਸੀ ਪ੍ਰੰਤੂ ਸਤਿਗੁਰਾਂ ਨੇ ਫਰਮਾਇਆ ਕਿ "ਅਸਾਂ ਹੁਣ ਤਲਵਾਰ ਦੀ ਥਾਂ ਮਾਲਾ ਤੋਂ ਕੰਮ ਲੈਣਾ ਹੈ ਤੁਸੀਂ ਇਸ ਗੁਰੂ ਜੀ ਦੀ ਪਵਿਤਰ ਯਾਦਗਾਰ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਪੁਚਾ ਦਿਓ, ਜਿੱਥੇ ਉਹ ਬਾਕੀ ਹਜ਼ੂਰੀ ਸ਼ਾਸ਼ਤਰਾਂ ਨਾਲ ਸ਼ੁਸ਼ੋਭਿਤ ਹੋ ਜਾਏਗੀ।" ਰੀਹਲ ਵੀ ਲੱਕੜ ਦੀ ਸੀ ਸਮੇਂ ਨਾਲ ਉਹਦੀ ਮਿਆਦ ਪੁੱਗ ਗਈ ਹੋਵੇਗੀ। ਪ੍ਰੰਤੂ ਗੰਗਾ ਸਾਗਰ ਅੱਜ ਵੀ ਵਲੈਤ ਦੇ ਕਿਸੇ ਬੈਂਕ ਦੇ ਲਾਕਰ ਵਿਚ ਸੁਰੱਖਿਅਤ ਹੈ ਤੇ ਰਾਇ ਅਜ਼ੀਜ਼ ਉਲਾ ਖਾਨ ਕਈ ਵੇਰ ਯੂਰਪ ਦੀਆਂ ਸੰਗਤਾਂ ਨੂੰ ਉਸਦੇ ਦਰਸ਼ਨ ਕਰਵਾ ਚੁੱਕੇ ਹਨ, ਜਿਸ ਤਰ੍ਹਾਂ ਰਾਇਕੋਟ ਸਥਿਤ ਉਹਨਾਂ ਦੀ ਹਵੇਲੀ ਵਿਚ ਹਰ ਵਰ੍ਹੇ ਇਕ ਖਾਸ ਦਿਨ ਇਸ ਦੇ ਸੰਗਤਾਂ ਨੂੰ ਦਰਸ਼ਨ ਉਹਨਾਂ ਦੇ ਪੁਰਖੇ ਕਰਾਇਆ ਕਰਦੇ ਸਨ। ਖਾਨ ਸਾਹਿਬ ਨੇ ਇਸ ਗੰਗਾ ਸਾਗਰ ਨਾਲ ਜੁੜੀਆਂ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਬਹੁਤ ਸਾਰੀਆਂ ਭਾਵੁਕ ਯਾਦਾਂ ਦਾ ਬਖੂਬੀ ਬਖਾਨ ਕੀਤਾ। ਆਪਣੀ ਮਿੱਟੀ ਨਾਲ ਮੋਹ ਦੀ ਮਿਸਾਲ ਦਿੰਦਿਆਂ, ਉਹਨਾਂ ਆਪਣੇ ਪਿਤਾ ਜੀ ਬਾਰੇ ਦੱਸਿਆ ਕਿ ਉਹ ਜਦੋਂ ਵੀ ਕਦੇ ਰਾਇਕੋਟ ਜਾਂ ਆਲੇ ਦੁਆਲੇ ਦੀ ਗੱਲ ਕਰਦੇ ਸਨ ਤਾਂ ਕਹਿੰਦੇ ਹੁੰਦੇ ਸਨ ਕਿ ਦੇਸ਼ ਵਿਚ ਇਸ ਤਰ੍ਹਾਂ ਹੁੰਦਾ ਸੀ, ਉਸ ਤਰ੍ਹਾਂ ਹੁੰਦਾ ਸੀ। ਉਹ ਸੱਜਣ ਸਾਰੀ ਉਮਰ ਭਾਵੁਕ ਤੌਰ ਤੇ ਪਾਕਿਸਤਾਨ ਵਿਚ ਰਹਿੰਦਿਆਂ ਵੀ ਆਪਣਾ ਦੇਸ਼ ਉਸਨੂੰ ਹੀ ਕਹਿੰਦੇ ਸਨ। ਜਿਸ ਮਿੱਟੀ ਵਿਚ ਉਹਨਾਂ ਦੇ ਪਿਓ ਦਾਦੇ ਤੇ ਹੋਰ ਵਡਿੱਕੇ ਸਮਾਏ ਹੋਏ ਸਨ। ਮਿੱਟੀ ਦੀ ਇਹ ਸਾਂਝ ਬੜੀ ਵੱਡੀ ਸਾਂਝ ਹੈ। ਇਸੇ ਵੱਲ ਇਸ਼ਾਰਾ ਕਰਦਾ ਹੈ ਸਾਡਾ ਪੂਰਬੀ ਪੰਜਾਬ ਵਿਚੋਂ ਲਹਿੰਦੇ ਪੰਜਾਬ ਵਿਚ ਗਿਆ ਇਕ ਉੱਘਾ ਪੰਜਾਬੀ ਸ਼ਾਇਰ ਬਾਬੂ ਰਜ਼ਬ ਅਲੀ. ਜਿਸਨੇ "ਆਪਣੀ ਸਭ ਤੋਂ ਕਲਾਤਮਿਕ ਕਵਿਤਾ ਵਤਨ ਦੀ ਖਾਕ ਦੇ ਉਦਰੇਵੇਂ ਵਿਚ ਲਿਖੀ"—

"ਮੰਨ ਲਈ ਜੋ ਕਰਦਾ ਰੱਬ ਪਾਕਿ ਐ,
ਆਉਂਦੀ ਯਾਦ ਵਤਨ ਦੀ ਖਾਕ ਐ,
ਫੁੱਟ ਫੁੱਟ ਟੁਕੜੇ ਬਣ ਗਏ ਦਿਲ ਦੇ,
ਹਾਇ! ਮੈਂ ਭੁੱਜ ਗਿਆ ਵਾਂਗੂ ਖਿੱਲ ਦੇ,
ਭੁੜਥਾ ਬਣ ਗਈ ਦੇਹੀ ਐ।
ਵਿਛੜੇ ਯਾਰ ਪਿਆਰੇ,
ਬਣੀ ਮੁਸੀਬਤ ਕੇਹੀ ਐ?

ਜਾਂਦੇ ਲੋਕ ਨਗਰ ਦੇ ਰਸਤੂ
ਪਿੰਡ ਦੀ ਪੌਣ ਫੁੱਲਾਂ ਦੀ ਖੁਸ਼ਬੂ
ਹੋ ਗਿਆ ਜਿਗਰ ਫਾੜੀਓ ਫਾੜੀ,
ਵੱਢਦੀ ਚੱਕ ਚਿੰਤਾ ਬਘਿਆੜੀ,
ਹੱਡੀਆਂ ਸਿੱਟੀਆਂ ਚੱਬਤਾਂ ਜੀ।
ਆਵੇ ਵਤਨ ਪਿਆਰਾ ਚੇਤੇ।
ਜਦ ਖਿੱਚ ਪਾਉਣ ਮੁਹੱਬਤਾਂ ਜੀ।"

..........

"ਲੱਗੀ ਚੋਟ ਵਿਛੋੜੇ ਦੀ,
ਮੇਰਾ ਦਿਲ ਨਰਮ ਠੋਕਰਾਂ ਸਹਿੰਦਾ।
ਰਿਹਾ ਭੇਜ ਸਲਾਮਾਂ ਨੂੰ,
ਏਸ ਪਿੰਡ ਜਰਮਿਆਂ,
ਹੋਰ ਪਿੰਡ ਰਹਿੰਦਾ।"

ਮੀਆਂ ਖੁਰਮ ਐਡਵੋਕੇਟ ਪੰਜਾਬ ਹਾਈਕੋਰਟ ਲਾਹੌਰ ਵੀ ਹਾਜ਼ਰ ਸਨ। ਉਹਨਾਂ ਫਰੀਦਕੋਟ ਵਿਖੇ ਵੱਸਦੀ ਆਪਣੀ ਇਕ ਮੂੰਹ ਬੋਲੀ ਭੈਣ ਦੇ ਮੋਹ ਦਾ ਕਿੱਸਾ ਡਾਢੀ ਵਿਯੋਗੀ ਸੁਰ ਵਿਚ ਪੇਸ਼ ਕਰਕੇ ਸਰੋਤਿਆਂ ਦੇ ਜਜ਼ਬਿਆਂ ਨੂੰ ਟੁੰਬਿਆ। ਉਹਨਾਂ ਕਿਹਾ ਬੇਸ਼ਕ ਉਹ ਪੀਰਾਂ ਦੇ ਪਰਿਵਾਰ ਵਿਚੋਂ ਹਨ, ਪਰ ਉਹ ਜਹੇ ਪੀਰ ਨਹੀਂ ਜਿਹੜੇ ਮੁਰਿਦਾਂ ਦੇ ਚੜ੍ਹਾਵੇ ਤੇ ਗੁਲਸ਼ਰੇ ਉਡਾਉਂਦੇ ਹਨ। ਰੋਟੀ ਰੋਜ਼ੀ ਵਾਸਤੇ ਵਕਾਲਤ ਦਾ ਕਿੱਤਾ ਜ਼ਰੂਰ ਅਖਤਿਆਰ ਕੀਤਾ ਹੈ, ਪਰ ਉਹ ਜਹੇ ਵਕੀਲ ਨਹੀਂ ਹਨ ਜੋ ਹਰ ਪੇਸ਼ੀ ਭੁਗਤਣ ਆਏ ਮੁਵੱਕਲ ਦੀ ਜੇਬ ਤੇ ਹੱਥ ਸਾਫ਼ ਕਰ ਲੈਂਦੇ ਹੋਣ। ਪਰ ਉਹ ਥੁੜਾਂ ਤੰਗੀਆਂ ਦੇ ਮਾਹੌਲ ਵਿਚ ਜਦੋਂ ਵੀ ਮਿਲੇ ਨਨਕਾਣਾ ਸਾਹਿਬ ਵੀ, ਏਥੇ ਵੀ, ਚੜ੍ਹਦੀ ਕਲਾ ਵਿਚ ਹੀ ਮਿਲੇ। ਮੁਹੱਬਤ ਦੀ ਬੋਲੀ ਸਮਝਣ ਵਾਲੇ ਅਜਿਹੇ ਸਿਦਕਵਾਨਾਂ ਬਾਰੇ ਹੀ ਸ਼ਾਇਰ ਮੁਰਸ਼ਦ ਬੁਟਰਵੀ ਦਾ ਕਥਨ ਹੈ—

"ਭੁੱਖਿਆਂ ਲੋਕਾਂ ਰੱਜ ਕੇ ਸਬਰ ਨਿਬਾਹੇ ਨੇ,
ਰੱਜਿਆਂ ਲੋਕਾਂ ਦੱਬ ਕੇ ਭੁੱਖ ਵਿਖਾਈ ਹੈ।"



Sri Satguru Jagjit Singh Ji eLibrary NamdhariElibrary@gmail.com

ਪਾਕਿਸਤਾਨ ਰਾਈਟਰਜ਼ ਗਿਲਡ ਦੇ ਦਫ਼ਤਰ ਸੈਕਟਰੀ ਅਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਰਾਜਾ ਰਸਾਲੂ ਵੀ ਇਸ ਮਹਿਫ਼ਿਲ ਦੇ ਸ਼ਿੰਗਾਰ ਸਨ। ਉਹਨਾਂ ਤੋਂ ਇਹ ਤੇ ਨਹੀਂ ਪੁੱਛ ਸਕੇ ਕਿ ਉਹ ਪੰਜਾਬ ਦੀ ਲੋਕ ਕਥਾ 'ਪੂਰਨ ਭਗਤ ਵਾਲੇ' ਪੂਰਨ ਦੇ ਬਾਦ ਵਿਚ ਮਤਰੇਈ ਮਾਂ ਲੂਣਾ ਤੋਂ ਉਸਦੇ ਵਰ ਨਾਲ ਪੈਦਾ ਹੋਏ ਰਸਾਲੂ, ਜੋ ਫਿਰ ਪੂਰਨ ਦੇ ਜੋਗੀ ਬਣਨ ਕਰਕੇ ਰਾਜਾ ਵੀ ਬਣਿਆ ਸੀ, ਦਾ ਨਾਂ ਕਿਵੇਂ ਵਰਤ ਰਹੇ ਹਨ? ਪ੍ਰੰਤੂ ਉਹ ਖੋਜੀ ਬਿਰਤੀ ਵਾਲੇ ਸੱਜਣ ਅਤੇ ਹੁਣ ਉਹ ਲੁਧਿਆਣੇ ਦੇ ਉੱਨਵੀਂ ਸਦੀ ਦੇ ਸਾਬਕਾ ਪੁਲੀਸ ਮੁਖੀ ਐਸ. ਪੀ. ਵਾਰਬਰਟਨ ਤੇ ਖੋਜ ਕਰ ਰਹੇ ਹਨ। ਮੈਂ ਉਹਨਾਂ ਨੂੰ ਮ੍ਰਿਗੇਸ਼ ਜੀ ਵਾਲੀ ਕਵਿਤਾ ਜੋ ਪਹਿਲਾਂ ਆ ਚੁੱਕੀ ਹੈ ਸੁਣਾਈ ਅਤੇ ਉਹਨਾਂ ਦੀ ਦਿਲਚਸਪੀ ਹੁਣ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੰਘਾਂ ਵਿਚ ਵਧ ਗਈ ਹੈ। ਮੈਂ ਦੱਸਿਆ ਕਿ ਇਹ ਸ੍ਰੀਮਾਨ ਉਚੇਚੇ ਨਾਮਧਾਰੀਆਂ ਦਾ ਖੁਰਾਖੋਜ ਮਿਟਾਉਣ ਲਈ ਹੀ ਉਹਨਾਂ ਦੇ ਕੇਂਦਰ ਭੈਣੀ ਸਾਹਿਬ ਨਾਲ ਸਬੰਧਿਤ ਜ਼ਿਲ੍ਹੇ ਵਿਚ ਤਾਈਨਾਤ ਸਰਕਾਰ ਬਰਤਾਨੀਆਂ ਵਲੋਂ ਕੀਤੇ ਗਏ ਸਨ, ਪਰ ਉਹਨੂੰ ਸਵਾ ਸੇਰ ਬਣ ਕੇ ਟੱਕਰੇ ਪ੍ਰਸਿੱਧ ਇਨਕਲਾਬੀ ਕੂਕੇ ਭਗਵਾਨ ਸਿੰਘ ਅੜਬੰਗੀ ਜੋ ਉਦਾਸੀ ਭੇਖ ਵਿਚ ਹੀ ਰਹਿੰਦੇ ਸਨ, ਵਾਰਬਰਟਨ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਭੈਣੀ ਸਾਹਿਬ ਪੁਲੀਸ ਚੌਕੀ ਦੇ ਇਕ ਸਿਪਾਹੀ ਗੇਂਦੇ ਦੇ ਕਤਲ ਦੇ ਦੋਸ਼ ਵਿਚ ਉਸਨੂੰ ਫਾਹੇ ਨਹੀਂ ਸੀ ਲੁਆ ਸਕਿਆ। ਇਸ ਲੰਮੇ ਪ੍ਰਸੰਗ ਬਾਰੇ ਜਦੋਂ ਉਹਨਾਂ ਸਰੋਤ ਪੁੱਛਿਆ ਤਾਂ ਮੈਂ ਜੁਆਬ ਦਿਤਾ "ਸੀਨਾ ਬਸੀਨਾ।" ਕਿਉਂ ਜੁ ਅੜਬੰਗੀ ਮੇਰੇ ਦਾਦੇ ਜਿਉਣ ਸਿੰਘ ਝੱਬਰ ਦਾ ਮਿੱਤਰ ਸੀ, ਦੋਵੇਂ ਉਸ ਸਮੇਂ ਭੈਣੀ ਸਾਹਿਬ ਰਹਿੰਦੇ ਸਨ ਅਤੇ ਮੇਰੇ ਪਿਤਾ ਜੀ ਨੇ ਅੜਬੰਗੀ ਹੋਰਾਂ ਦੇ ਜ਼ੁਬਾਨੀ ਬਾਲ ਕਾਲ ਵਿੱਚ ਇਹ ਸਾਰਾ ਪ੍ਰਸੰਗ ਸੁਣਿਆ ਸੀ, ਜਿਹਨਾਂ ਅੱਗੋਂ ਮੈਨੂੰ ਸੁਣਾਇਆ ਸੀ। ਉਂਞ ਮੈਂ ਸੰਤ ਇੰਦਰ ਸਿੰਘ 'ਚੱਕਰਵਰਤੀ' ਦੁਆਰਾ ਰਚਿਤ ਇਤਿਹਾਸਕ ਨਾਵਲ 'ਅੜਬੰਗੀ' ਦਾ ਜ਼ਿਕਰ ਵੀ ਕੀਤਾ, ਜਿਸ ਵਿਚੋਂ ਵਾਰਬਰਟਨ ਅਤੇ ਅੜਬੰਗੀ ਦੇ ਦੋ ਵਿਰੋਧੀ ਕਿਰਦਾਰ ਬੜੀ ਸਪਸ਼ਟਤਾ ਨਾਲ ਉਘੜੇ ਗਏ ਸਨ। ਪੰਜਾਬੀ ਜਨ ਜੀਵਨ ਨੇਕੀ ਅਤੇ ਬਦੀ ਦੇ ਵਿਰੋਧੀ ਕਿਰਦਾਰਾਂ ਨੂੰ ਲੰਮਾ ਸਮਾਂ ਆਪਣੀ ਬੁੱਕਲ ਵਿਚ ਸੰਭਾਲੀ ਰੱਖਦਾ ਹੈ, ਆਪਣੇ ਆਪਣੇ ਇਸ ਵਡਮੁੱਲੇ ਇਤਿਹਾਸਕ ਅਤੇ ਸਭਿਆਚਾਰਕ ਵਿਰਸੇ ਦੀ ਖੋਜ ਵਿਚ ਡੂੰਘੇ ਖੁਭੇ ਹੋਏ ਰਾਜਾ ਰਸਾਲੂ ਮੈਨੂੰ ਚੋਖੇ ਆਪਣੇ ਲੱਗਣ ਲੱਗ ਪਏ। ਇਕ ਤੇ ਸਮਾਂ ਮੁੱਕਦਾ ਜਾਂਦਾ ਸੀ ਦੂਜਾ ਪ੍ਰਿੰਸੀਪਲ 'ਸ਼ੇਰ' ਏਥੇ ਵੀ ਘੜੀ ਮੁੜੀ ਪਾਕਿਸਤਾਨੀਆਂ ਨੂੰ ਵੰਡ ਵੇਲੇ ਸਾਡੇ ਬਦਲੇ ਵਿਚ ਮਿਲਣ ਵਾਲੇ "ਘਟੀਆ ਹਿਊਮਨ ਐਲੀਮੈਂਟ" ਦੀ ਗੱਲ ਫਿਰ ਕਿਸੇ ਨਾ ਕਿਸੇ ਨੁਕਰੋਂ ਛੇੜ ਦੇਂਦੇ ਸਨ, ਜੋ ਮੈਂ ਆਪਣੇ ਮਨਪਸੰਦ ਵਿਸ਼ੇ ਉੱਤੇ ਰਾਜਾ ਰਸਾਲੂ ਨਾਲ ਲੰਮਾ ਵਾਰਤਾਲਾਪ ਨਾ ਕਰ ਸਕਿਆ। ਸਿੱਖਾਂ ਵਿਚ ਦੇਹਧਾਰੀ ਗੁਰੂ ਪਰੰਪਰਾ ਨਾਮਧਾਰੀ ਸੰਗਤ ਦੇ ਰੂਪ ਵਿਚ ਚੱਲ ਰਹੀ ਹੈ ਅਤੇ ਉਹਨਾਂ ਦੇ ਵਰਤਮਾਨ ਮੁਖੀ ਸਤਿਗੁਰੂ ਜਗਜੀਤ ਸਿੰਘ, ਇਕ ਕੌਮਾਂਤਰੀ ਸ਼ੁਹਰਤ ਪ੍ਰਾਪਤ ਵਿਅਕਤਤਵ ਦੇ ਸੁਆਮੀ ਹਨ। ਇਹ ਸਾਰੀਆਂ ਗੱਲਾਂ ਉਹਨਾਂ ਲਈ ਕਾਫੀ ਨਵੀਆਂ ਸਨ ਅਤੇ ਉਹ ਸੁਣਨ ਵਿਚ ਦਿਲਚਸਪੀ ਵਿਖਾ ਰਹੇ ਸਨ।

ਰਾਜਾ ਰਸਾਲੂ ਹੋਰਾਂ ਆਪਣੀਆਂ ਕਵਿਤਾਵਾਂ ਨਾਲ ਨਿਹਾਲ ਕੀਤਾ ਅਤੇ ਹੁਣ ਵਾਰੀ ਆਈ ਉਸ ਨੌਜਵਾਨ ਸ਼ਾਇਰ ਦੀ ਜੋ ਝਨਾਂ ਦੇ ਕੰਢੇ ਵੱਸੇ ਸ਼ਹਿਰ ਵਜ਼ੀਰਾਬਾਦ ਦੀ ਉਸ ਹਵੇਲੀ ਵਿਚ ਰਹਿੰਦਾ ਹੈ, ਜੋ ਕਦੇ ਸਿੱਖ ਰਾਜ ਵੇਲੇ ਇਤਾਲਵੀ ਜਰਨੈਲ ਅਬੂ ਤਬੇਲਾ (ਸ਼ੁੱਧ ਉਚਾਰਨ ਇਸ ਤੋਂ ਥੋੜ੍ਹਾ ਭਿੰਨ ਹੈ) ਦੀ ਮਾਲਕੀ ਹੁੰਦੀ ਸੀ। ਇਸ ਜਰਨੈਲ ਨੂੰ ਵੀ ਹੋਰਨਾਂ ਕਈਆਂ ਵਾਂਗ ਸਾਡੇ ਪੰਜਾਬ ਦੇ ਕੌਮੀ ਕਵੀ 'ਸ਼ਾਹ ਮੁਹੰਮਦ' ਨੇ ਸਦਾ ਸਦਾ ਲਈ ਜਿਊਂਦਿਆ ਕਰ ਦਿਤਾ ਹੈ--

"ਝੱਲੀ ਅਬੂ ਤਬੇਲੇ ਦੀਆਂ ਪਲਟਣਾਂ ਨੇ,
ਅੱਧੀ ਘੜੀ ਲੜਾਈ ਦੀ ਸੌੜ ਮੀਆਂ।"

ਉਸ ਸ਼ਾਇਰ ਦਾ ਨਾਂ ਹੈ ਰਾਜਾ ਸਾਦਿਕ ਉਲਾਹ ਅਤੇ ਉਹਨਾਂ ਜਿਹੜੀ ਕਵਿਤਾ ਇਥੇ ਇਸ ਮਿਲਣੀ ਵਿਚ ਪੜ੍ਹੀ, ਉਹ ਸਾਈਚਿਨ ਬਾਰੇ ਸੀ ਕਿ ਕਿਵੇਂ ਦੋਵੇਂ ਹਮਸਾਏ ਇਕ ਕਲਪਿਤ ਦੁਸ਼ਮਣ ਤੋਂ ਭੈ ਭੀਤ ਹੋ ਕੇ ਜ਼ਿੰਦਗੀ ਦੇ ਮਰਮ ਨੂੰ ਸਮਝਦੇ ਹੋਏ ਵੀ ਇਸਨੂੰ ਪਛਾਨਣ ਅਤੇ ਮਾਨਣ ਤੋਂ ਅਸਮਰਥ ਸਨ। ਮੈਂ ਉਸ ਸਮੁੱਚੀ ਕਵਿਤਾ ਨੂੰ 'ਵਰਿਆਮ' ਦੇ ਪਾਠਕਾਂ ਨਾਲ ਸਾਂਝੀ ਕਰਨ ਦੇ ਲੋਭ ਤੋਂ ਮੁਕਤ ਨਹੀਂ ਹੋ ਸਕਿਆ:--

"ਅਸੀਂ ਕੈਦੀ ਬਰਫ ਮਕਾਨਾਂ ਦੇ,
ਅਸੀਂ ਜਦ ਕਦ
ਬਾਰੀ ਰਾਹੀਂ ਬਾਹਰ ਝਾਤੀ ਪਾਵਨੇ ਆਂ
ਸਾਨੂੰ ਦੂਰ ਦੂਰ ਤਕ
ਠੰਢੇ ਠਾਰ ਵਿਛੋੜੇ ਬਾਝੋਂ
ਕੁਝ ਨਜ਼ਰੀਂ ਨਹੀਂ ਆਂਵਦਾ
ਚਾਰ ਦਿਹਾੜਿਆਂ ਪਿੱਛੋਂ ਪੁੱਜੀਆਂ
ਖ਼ਬਰਾਂ ਵਿਚ ਕੋਈ ਖ਼ਬਰ ਨਹੀਂ ਹੁੰਦੀ
ਏਥੇ ਸਭ ਖ਼ਬਰਾਂ ਨੇ ਦੂਰ ਦੀਆਂ
ਹੋਣ ਜਹੀਆਂ ਨਾ ਹੋਣ ਜਹੀਆਂ
ਕੱਤੇ ਚੜ੍ਹਿਆਂ ਕਈ ਦਿਹਾੜੇ ਹੋਏ
ਵਾਢੀ ਲੱਗ ਪਈ ਹੋਣੀ
ਫੰਡ ਛੱਡਣੀ ਏ ਏਸ ਵਾਰ ਦੀ
ਭਰ ਛੱਡਣੇ ਨੇ ਦਿਡ ਭੜੋਲੇ ਲੋਕਾਂ ਦੇ,
ਅਸੀਂ ਤੱਕਨੇ ਆਂ



Sri Satguru Jagjit Singh Ji eLibrary NamdhariElibrary@gmail.com

ਜਦੋਂ ਪਿੜ ਬੱਝਣੇ
ਅਸਾਂ ਸੰਗ ਹੋਣਾ
ਅਸਾਂ ਸੰਗ ਨੱਚਣਾ
ਜਦੋਂ ਨਾਚਿਆਂ ਝੁੰਮਰ ਪਾਵਣੇ
ਧੂੜ ਧੁਮਾਣੀ ਏ
ਸੱਚ ਕਹਿਨਾਂ ਏਥੇ ਧੂੜ ਨਹੀਂ ਹੋਂਦੀ
ਏਥੇ ਪੋਹ ਮਾਂਹ ਤੇ ਜੇਠ ਹਾੜ ਵਿਚ ਫ਼ਰਕ ਨਹੀਂ ਹੋਂਦਾ ਕੋਈ
ਏਥੇ ਚੇਤਰ ਚੜ੍ਹਿਆ ਨਾ ਚੜ੍ਹਿਆ ਕਿਸੇ ਤੱਕਿਆ ਨਹੀਂ,
ਏਥੇ ਫੁੱਲ ਨਹੀਂ ਉੱਗਦੇ
ਜਾਂ ਬਕਸੇ ਵਿਚ ਬੰਦ ਬੰਦਿਆਂ ਨੂੰ
ਫੁੱਲਾਂ ਦੀ ਕੋਈ ਲੋੜ ਨਹੀਂ ਹੁੰਦੀ।
ਏਥੇ ਠੰਡੀ ਠਾਰ ਹਵਾ ਦੀ
ਸੂਕਦੀ ਏ ਤਲਵਾਰ ਜਹੀ
ਏਥੇ ਡਰ ਵੱਸਦਾ
ਏਥੇ ਡਰ ਵੱਸਦਾ .........
ਓਸ ਪਹਾੜੋਂ ਪਾਰ ਵਸੇਂਦੇ ਵੈਰੀ ਦਾ
ਜਿਹੜਾ ਸਾਥੋਂ ਡਰਿਆ ਬਹੁਤਾ ਡਰਿਆ ਸੋਚ ਰਿਹਾ ਏ
ਹਾੜ ਦੀ ਕਿਹੜੀ ਸ਼ਾਮੀਂ ਮੁੜਕਾ ਆਉਣਾ
ਪੋਹ ਦੀ ਕਿਹੜੀ ਰਾਤੀਂ ਜਾ ਖੜਕਾਣੀ ਕੁੰਡੀ
ਕਿਹੜੀ ਰੁੱਤ ਮੁੜ ਮੱਥਾ ਚੁੰਮਣਾ
ਚੰਨ ਵਰਗੀ ਧੀ ਰਾਣੀ ਦਾ
ਕਿਹੜੀ ਸਿਖਰ ਦੁਪਹਿਰੇ ਲੱਭਣੀ ਛਾਂ ਮਾਂ ਵਰਗੀ
ਟਾਹਲੀਆਂ ਦੀ
ਕਿਹੜੇ ਮੌਸਮ ਝੁੰਮਰ ਪਾਵਣੇ ਧੂੜ ਧੁਮਾਣੀ
ਸੰਗੀਆਂ ਨੇ
ਅਸਾਂ ਸੰਗ ਨੱਚਣਾ ਅਸਾਂ ਸੰਗ ਨੱਚਣਾ
ਅਸੀਂ ਕੈਦੀ ਬਰਫ ਮਕਾਨਾਂ ਦੇ।

ਅਸੀਂ 'ਤੇ ਦੁਆ ਹੀ ਕਰ ਸਕਦੇ ਹਾਂ ਕਿ ਪੰਜਾਬਣ ਮਾਂ ਦੇ ਦੋਵੇਂ ਪੁੱਤਰ ਬਰਫ ਮਕਾਨਾਂ ਦੀ ਕੈਦ ਵਿਚੋਂ ਛੇਤੀ ਰਿਹਾ ਹੋ ਜਾਣ ਅਤੇ ਆਪਣੀ ਸਾਂਝ ਦੀਆਂ ਤੰਦਾਂ ਨੂੰ ਪੀਡਿਆਂ ਕਰਨ ਦੀ ਖੇਡ ਖੇਡਣੀ ਸ਼ੁਰੂ ਕਰਨ।

ਰਾਜਾ ਸਾਦਕ ਉੱਲਾਹ ਦੀ ਨਗਰੀ ਵਜੀਰਾਬਾਦ ਹੀ ਜੁਝਾਰੂ ਹਿੰਦੀ ਕਵੀ ਕੁਮਾਰ ਵਿਕਲ ਦਾ ਜਨਮ ਸਥਾਨ ਸੀ। ਕੁਮਾਰ ਵਿਕਲ ਨੇ ਪੰਜਾਬੀ ਹੁੰਦਿਆਂ ਹਿੰਦੀ ਸਾਹਿਤ ਵਿਚ ਆਪਣੇ ਲਈ ਉਹੋ ਜਿਹਾ ਥਾਂ ਸੁਰੱਖਿਅਤ ਕਰ ਲਿਆ ਸੀ ਜਿਹੋ ਜਿਹਾ ਕ੍ਰਿਸ਼ਨਾ ਸੋਬਤੀ ਨੇ ਕੀਤਾ ਸੀ। ਕੁਮਾਰ ਵਿਕਲ ਦੇ ਕਾਂਟਵੇਂ ਵਿਚਾਰਾਂ ਦਾ ਨਮੂਨਾ ਵੇਖਣ ਲਈ ਉਹਨਾਂ ਦੀ ਕਵਿਤਾ "ਚੀਖ" ਪੜ੍ਹੋ :

"ਮੈਂ ਕਿਸੀ ਕਿਰਪਾ ਸੇ ਮਰੂੰ
ਕਿਸੀ ਤ੍ਰਿਸ਼ੂਲ ਸੇ
ਯਾ ਪੁਲਿਸ ਕੀ ਗੋਲੀ ਸੇ,
ਲੇਕਿਨ
ਮਰਨੇ ਸੇ ਪਹਿਲੇ
ਮੈਂ ਜ਼ਰੂਰ ਚਿੱਲਾਊਂਗਾ—
ਮਜ਼ਹਬ ਹੀ ਹੈ ਸਿਖਾਤਾ
ਆਪਸ ਮੇਂ ਬੈਰ ਰਖਨਾ
ਆਦਮੀ ਕੋ
ਤ੍ਰਿਸ਼ੂਲ ਯਾ ਕਿਰਪਾਨ ਮੇਂ ਬਦਲਨਾ।
ਮੈਂ ਚਿਲਾਊਂਗਾ
ਮਜ਼ਹਬ ਅਫ਼ੀਮ ਕੀ ਐਸੀ ਗੋਲੀ ਹੈ
ਜੋ ਇਨ ਦਿਨੋਂ
ਏਕ ਦਮ ਬੰਦੂਕ ਕੀ ਗੋਲੀ ਬਨ ਜਾਤੀ ਹੈ
ਜੋ ਦਨਦਨਾਤੀ ਹੂਈ ਆਤੀ ਹੈ
ਪਾਰਕ ਮੇਂ ਖੇਲ ਰਹੇ ਬੱਚੇ
ਛੰਟਨੀ ਮਜ਼ਦੂਰੋਂ
ਰਿਕਸ਼ਾ ਚਾਲਕੋਂ
ਰਾਸ਼ਨ ਕੀ ਦੁਕਾਨ ਪਰ ਖੜ੍ਹੇ ਲੋਗੋਂ ਕੋ
ਲਹੂ ਲੁਹਾਨ ਕਰ ਜਾਤੀ ਹੈ।
ਮਜ਼ਹਬ ਏਕ ਭੱਦੀ ਗਾਲੀ ਹੈ
ਜੋ ਹਰ ਧਰਮ ਗ੍ਰੰਥ ਮੇਂ
ਪਾਕੀਜ਼ਗੀ ਕੇ ਨਕਾਬੋਂ ਮੇਂ ਛਿਪੀ ਰਹਿਤੀ ਹੈ।
ਔਰ, ਕਭੀ ਆਰਤੀ
ਕਭੀ ਕਲਮਾ
ਕਭੀ ਅਰਦਾਸ ਬਨ ਕਰ
ਆਮ ਆਦਮੀ ਕੀ ਪਵਿੱਤਰ ਪ੍ਰਤਿਗਿਆਉਂ ਮੇਂ,
ਘੁਸਪੈਠ ਕਰ ਜਾਤੀ ਹੈ
ਤਾਂਕਿ ਵਹ ਉਸ ਦੁਨੀਆ ਕੋ ਬਦਲ ਨਾ ਪਾਏ
ਔਰ ਗਾਲੀਆਂ ਬੁਦਬੁਦਾਤੇ ਹੁਏ
ਏਕ ਨਰਕਨੁਮਾ ਜ਼ਿੰਦਗੀ ਮੇਂ ਰੀਝ ਜਾਏ।"

ਰਾਜਾ ਸਾਦਿਕ ਉਲਾਹ ਹੋਰਾਂ ਨੇ ਆਪਣੀ ਕਾਵਿ ਪੁਸਤਕ "ਪਹਿਲਾ ਪੂਰ", ਇਲਿਆਸ ਘੁੰਮਣ ਹੋਰਾਂ ਕਹਾਣੀਆਂ ਦੀ ਕਿਤਾਬ "ਪਿੰਡ ਦੀ ਲੱਜ" ਸਾਨੂੰ ਭੇਟ ਕੀਤੀਆਂ। ਹੋਰ ਵੀ ਸਾਹਿਤਕ ਮਿੱਤਰਾਂ ਨੇ ਇਸ ਮਿਲਣੀ ਵਿੱਚ ਭਾਗ ਲਿਆ ਜਿਹਨਾਂ ਦੇ ਨਾਂ ਸਨ—ਪ੍ਰੋ. ਆਸ਼ਕ ਰਹੀਲ, ਫਿਦਾ ਨਿਜ਼ਾਮਾਬਾਦੀ ਪਾਕਿਸਤਾਨੀ ਲੇਖਕਾਂ ਵਿਚੋਂ ਅਤੇ ਭਾਰਤ ਵਿਚੋਂ ਆਏ 'ਅਜੀਤ' ਨਾਲ ਜੁੜੇ ਮਹਿੰਦਰ ਸਿੰਘ ਸੰਧੂ, ਮਲਕੀਤ ਸਿੰਘ ਤੇ ਯੂ.ਐਨ.ਆਈ. ਦੇ ਪ੍ਰੋ. ਸੁਰਿੰਦਰ ਸਿੰਘ ਸੈਣੀ। ਘੁੰਮਣ ਹੋਰਾਂ ਨੇ ਪ੍ਰਿੰਸੀਪਲ ਸ਼ੇਰ ਨੂੰ ਆਪਣੀ ਬੈਠਕ ਵਿਚ ਸਜੀਆਂ ਪੁਸਤਕਾ


Sri Satguru Jagjit Singh Ji eLibrary NamdhariElibrary@gmail.com

ਰਸਾਲੇ ਖੁੱਲ੍ਹੇ ਮਨ ਨਾਲ ਚੁੱਕ ਲੈਣ ਦੀ ਦਾਅਵਤ ਦਿਤੀ ਅਤੇ ਉਹਨਾਂ ਦੀ ਦਰਜਨ ਕੁ ਵੱਡ ਅਕਾਰੀ ਕਿਤਾਬਾਂ ਵਸੂਲ ਪਾਈਆਂ। ਗੁਰਦਾਸ ਸਿੰਘ 'ਘਾਰੂ' ਹੋਰਾਂ ਆਪਣੀਆਂ ਪੁਸਤਕਾਂ ਸਾਰੇ ਹਾਜ਼ਿਰ ਸਾਹਿਤਕਾਰਾਂ ਨੂੰ ਭੇਟ ਕੀਤੀਆਂ ਅਤੇ ਆਪਣੀ ਰਚਨਾ ਪ੍ਰਕਿਰਿਆ ਆਪਣੇ ਇਨਕਲਾਬੀ ਅੰਦੋਲਨ ਨਾਲ ਜੁੜੇ ਹੋਣ ਦਾ ਜ਼ਿਕਰ ਕੀਤਾ। ਕਵਿਤਾਵਾਂ ਦੇ ਦੌਰ ਸਮੇਂ ਮੈਂ ਵੀ ਇਹ ਦੋ ਬੰਦ ਸੁਣਾਏ—

"ਮੈਂ ਇਤਿਹਾਸ ਹਾਂ ਵਕਤ ਦੀ ਰੂਹ ਹਾਂ ਮੈਂ,
ਨਾ ਹੀ ਮੋਇਆ ਤੇ ਨਾ ਹੀ ਮਰਾਂਗਾ ਮੈਂ।

ਬੰਜਰ ਦਿਲਾਂ ਦੇ ਖੇਤ ਅਬਾਦ ਹੋਵਣ,
ਬੱਦਲ ਰਹਿਮਤਾਂ ਦਾ ਬਣ ਕੇ ਵਰ੍ਹਾਂਗਾ ਮੈਂ।

ਬੁੱਲ੍ਹਾ ਬਣ ਰਿਹਾ ਕਦੇ ਨੱਚਦਾ ਮੈਂ,
ਸੂਲੀ ਕਦੇ ਮਨਸੂਰ ਜਿਉਂ ਵਰਾਂਗਾ ਮੈਂ।

ਲੋਕ ਚੇਤਨਾ ਨਾ ਖੁੰਢੀ ਹੋ ਜਾਵੇ,
ਹੱਸ ਹੱਸ ਕੇ ਚਰਖੜੀ ਚੜ੍ਹਾਂਗਾ ਮੈਂ।

ਸਾਡੇ ਕਾਤਲੋ! ਰਹਿਮ ਦੀ ਮੰਗ ਕਰਨੀ,
ਸਾਡੇ ਵਾਸਤੇ ਨਹੀਂ ਦਸਤੂਰ ਦੀ ਗੱਲ।

ਰੋਣਾਂ ਤੁਸਾਂ ਘਸੁੰਨ ਦੇ ਵਿਚ ਅੱਖਾਂ,
ਇਹ ਕੋਈ ਜਾਪਦੀ ਨਹੀਂ ਸਾਨੂੰ ਦੂਰ ਦੀ ਗੱਲ।

ਸਾਡਾ ਮਰਨਾ ਜਿਉਣ ਦਾ ਮੁੱਢ ਬੰਨ੍ਹੇ,
ਤੁਹਾਡਾ ਮਰਨਾ ਏ ਨਿਰੇ ਫਤੂਰ ਦੀ ਗੱਲ।

ਜ਼ਿੰਦਾਬਾਦ ਉਹ ਮਾਵਾਂ ਦੇ ਸੂਰਮੇ ਪੁੱਤ,
ਜਿਹੜੇ ਦੱਸ ਗਏ ਨਵੇਂ ਸ਼ਊਰ ਦੀ ਗੱਲ।"

ਅੰਤ ਵਿਚ ਬੜੇ ਸੁਖਾਵੇਂ ਅਤੇ ਦਰਦ ਭਿੰਨੇ ਮਾਹੌਲ ਵਿਚ ਇਹ ਮੁਲਾਕਾਤ ਖਤਮ ਹੋਈ। ਘੁੰਮਦ ਹੋਰਾਂ ਸਾਰੇ ਭਾਰਤੀ ਪੰਜਾਬ ਦੇ ਮਹਿਮਾਨਾਂ ਨੂੰ ਆਪਣੇ ਵੱਲੋਂ ਵਧੀਆ ਕਲਮਾਂ ਭੇਂਟ ਕਰਕੇ ਇਹ ਦੁਆ ਕੀਤੀ ਕਿ ਇਹਨਾਂ ਕਲਮਾਂ ਨਾਲ ਅਸੀਂ ਦੋਹਾਂ ਪੰਜਾਬਾਂ ਦੇ ਵਸਨੀਕਾਂ ਵਿਚੋਂ ਦੂਈ ਦਵੈਤ ਦੂਰ ਕਰਕੇ, ਤੁਅੱਸਬ ਦੀਆਂ ਕੰਧਾਂ ਨੂੰ ਤੋੜ ਕੇ, ਇਕ ਸਾਂਝੀ ਪੰਜਾਬੀਅਤ ਦਾ ਸਿੰਘ ਨਾਦ ਕਰੀਏ। ਦੁਨੀਆਂ ਦੇ ਸਾਰੇ ਇਨਸਾਫ ਪਸੰਦ ਲੋਕਾਂ ਅਤੇ ਹੱਕ ਸੱਚ ਅਤੇ ਨਿਆਂ ਲਈ ਜੂਝਣ ਵਾਲਿਆਂ ਦੇ ਘੋਲ ਵਿਚ ਇਹ ਕਲਮਾਂ ਸਹਾਈ ਹੋਣ।

ਜਦੋਂ ਬਾਹਰ ਆ ਕੇ ਸਾਂਝੀ ਫੋਟੋ ਕਰਵਾਈ ਜਾ ਰਹੀ ਸੀ ਤਾਂ ਕਰਨੈਲ ਸਿੰਘ ਅਸਪਾਲ, ਨਰਾਇਣ ਸਿੰਘ ਬਾਜਵਾ, ਅਤੇ ਆਸ਼ਕ ਬੱਢਾ ਵੀ ਪਹੁੰਚ ਗਏ ਸਨ। ਬੱਢੇ ਨੇ ਪਹਿਲਾਂ ਸਾਨੂੰ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਲੱਭਿਆ ਤੇ ਫਿਰ ਉਪਰੋਕਤ ਮਿੱਤਰਾਂ ਨਾਲ ਏਥੇ ਪੁੱਜ ਗਏ। ਬੱਢੇ ਨੇ ਦੱਸਿਆ ਕਿ ਕਸ਼ਮੀਰ ਲਈ ਮੁਜਾਹਿਦਾਂ ਨੂੰ ਤਿਆਰ ਕਰਨ ਵਾਸਤੇ ਗੁਜਰਾਂਵਾਲਾ ਜ਼ਿਲ੍ਹੇ ਦੇ ਇਕ ਵੱਡੇ ਕਸਬੇ ਵਿਚ ਜੋ ਰੇਲਵੇ ਸਟੇਸ਼ਨ ਵੀ ਹੈ, ਇਕ ਤਿੰਨ ਰੋਜ਼ਾ ਕਾਨਫਰੰਸ ਹੋ ਰਹੀ ਹੈ। ਮੈਂ ਆਪਣੇ ਪਿੰਡੋਂ ਚਾਵਲ, ਕਣਕ ਅਤੇ ਹੋਰ ਰਸਦਾਂ ਉੱਥੇ ਭੇਜ ਕੇ ਆਇਆ ਹਾਂ ਅਤੇ ਆਪਣੇ ਪਿੰਡ ਦੇ ਇਕ ਮੋਚੀਆਂ ਦੇ ਮੁੰਡੇ ਨੂੰ ਮੁਜਾਹਿਦ ਦੇ ਤੌਰ ਤੇ ਉਹਨਾਂ ਵਿਚ ਭਰਤੀ ਕਰਵਾ ਕੇ ਆਇਆ ਹਾਂ। ਬੱਢਾ ਗੱਲੀ ਬਾਤੀਂ ਮੈਨੂੰ ਇਹ ਵੀ ਕਹਾਵੇ ਕਿ ਜੇ 'ਨੀਲ ਤਾਰੇ' ਤੋਂ ਬਾਦ ਬੇਨਜ਼ੀਰ ਭੁੱਟੋ ਤੁਹਾਡੇ ਰੱਜੂ ਭਈਏ (ਰਾਜੀਵ ਗਾਂਧੀ) ਦੇ ਬਹਿਕਾਵੇ ਵਿਚ ਨਾ ਆਉਂਦੀ ਤਾਂ ਲਾਜ਼ਮੀ ਪਾਕਿਸਤਾਨੀ ਫੌਜ ਨੇ ਕੌਮਾਂਤਰੀ ਸਰਹੱਦ ਟੱਪ ਕੇ ਤੁਹਾਡੇ ਵੱਲ ਟੁਰ ਪੈਣਾ ਸੀ। ਉਹ ਆਪਣੀਆਂ ਗੱਲਾਂ ਵਿਚ ਕਿਤੇ-ਕਿਤੇ ਹਿੰਦੂਆਂ ਵਿਰੁੱਧ ਥੋਹੜੀ ਨਫ਼ਰਤ ਵੀ ਪ੍ਰਗਟ ਕਰਦਾ ਸੀ, ਪਰ ਮੈਂ ਉਹਨੂੰ ਪ੍ਰੇਮ ਨਾਲ ਸਮਝਾਇਆ ਕਿ ਸਾਡੇ ਹਿੰਦੂ ਸਿੱਖਾਂ ਦਾ ਕੋਈ ਝਗੜਾ ਨਹੀਂ, ਗੁਰਦੁਆਰਾ ਡੇਹਰਾ ਸਾਹਿਬ ਵਿਚ ਵੀ ਖਾਲਿਸਤਾਨੀ ਸਮਰਥੱਕ ਅੱਤਵਾਦੀ ਪ੍ਰਚਾਰ ਦੀਆਂ ਕੈਸਿਟਾਂ ਬਾਕੀ ਦੋਹਾਂ ਥਾਵਾਂ ਜਿਉਂ ਵੱਜਦੀਆਂ ਰਹੀਆਂ, ਪਰ ਸਿਰਫ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਫੋਟੋ ਕੈਲੰਡਰ ਲੈਣ ਤੋਂ ਬਿਨਾਂ ਹੋਰ ਸਿੱਖ ਸੰਗਤਾਂ ਕੋਈ ਹੁੰਗਾਰਾ ਉਹਨਾਂ ਨੂੰ ਨਹੀਂ ਸਨ ਭਰ ਰਹੀਆਂ। ਡੇਹਰਾ ਸਾਹਿਬ ਵਿਖੇ ਇਕ ਉਚੀ ਲੰਮੀ ਪੰਜਾਬਣ ਮੁਟਿਆਰ ਨੇ ਮਸੋਸੇ ਜਹੇ ਮੂੰਹ ਨਾਲ ਮੈਥੋਂ ਪੁੱਛਿਆ ਸੀ, "ਭਾਈ ਸਾਹਿਬ ਕੋਈ ਬੱਧਣੀ ਵੱਲ ਦਾ ਆਇਆ ਹੋਵੇ।" ਮੈਨੂੰ ਪ੍ਰੋ. ਸੁਖਦੇਵ ਸਿੰਘ ਸਿਰਸਾ ਦੇ ਪਿੰਡ ਦਾਉਧਰ, ਜੋ ਬੱਧਣੀ ਦੇ ਨੇੜ ਹੀ ਸੀ, ਦਾ ਇਕ ਸਿੰਘ ਪੰਜੇ ਸਾਹਿਬ ਮਿਲਿਆ ਸੀ। ਮੈਂ ਉਹਨੂੰ ਭਾਲਿਆ ਪਰ ਮਿਲਿਆ ਨਾ। ਮੈਂ ਫਿਰ ਉਸ ਬੀਬੀ ਨੂੰ ਦੱਸਿਆ ਕਿ ੩੯ ਨੰਬਰ ਕਮਰੇ ਵਿਚ ਫਰੀਦਕੋਟ ਜ਼ਿਲ੍ਹੇ ਦੇ ਸਿੰਘ ਹਨ, ਉਹਨਾਂ ਨਾਲ ਸੰਪਰਕ ਕਰ ਲਵੋ।

ਕਈ ਵੇਰ ਜਦੋਂ ਕੋਈ ਪਾਕਿਸਤਾਨੀ ਮਿੱਤਰ ਮੈਨੂੰ ਇਹ ਸੁਆਲ ਕਰਦਾ ਕਿ ਤੁਹਾਨੂੰ ਇਹ ਮੁਲਕ ਕਿਵੇਂ ਲੱਗਦਾ ਹੈ ਤਾਂ ਮੈਂ ਜੁਆਬ ਦਿੰਦਾ ਕਿ ਇਹ ਮੁਲਕ ਤਾਂ ਸਾਡਾ ਹੀ ਸੀ ਵਧੀਆ ਲੱਗਦਾ ਹੈ। ਪਰ ਜਿਥੋਂ ਤਕ ਆਪਣੀ ਪਸੰਦ ਦਾ ਸੁਆਲ ਹੈ ਤੁਹਾਡੇ ਬਾਗ ਵਿਚ ਸਿਰਫ ਇਕ ਰੰਗ ਦੇ ਫੁੱਲਾਂ ਦੀ ਬਹੁਤਾਤ ਹੈ ਜਦੋਂਕਿ ਸਾਡੇ ਹਰ ਰੰਗ ਦੇ ਫੁੱਲ ਖਿੜਦੇ ਹਨ। ਇਸੇ ਵਿਚ ਸਾਡੇ ਦੇਸ਼ ਦੀ ਸੁੰਦਰਤਾ ਦਾ ਰਾਜ਼ ਹੈ ਤਾਂ ਉਹ ਸੱਜਣ ਵੰਡ ਤੇ ਥੋਹੜਾ ਜਿਹਾ ਅਫਸੋਸ ਕਰਨ ਤੋਂ ਬਾਦ ਕਹਿੰਦੇ "ਠੀਕ ਹੈ! ਅਸੀਂ ਏਥੇ ਆਪਣਾ ਮਜ਼ੁਬ ਤੇ ਬਚਾ ਲਿਆ ਹੈ।" ਮੈਂ ਫਿਰ ਦੱਸਦਾ ਕਿ ਤੁਹਾਡੇ ਨਾਲੋਂ ਜ਼ਿਆਦਾ ਮੁਸਲਮਾਨ ਸਾਡੇ ਦੇਸ਼ ਵਿਚ ਹਨ ਅਤੇ ਮਜ਼ੁਬ ਉਹਨਾਂ ਦਾ ਵੀ ਮਹਿਫੂਜ਼ ਹੈ। ਹਾਂ ਜੇ ਕੋਈ ਕਾਲੀ ਤਾਕਤ ਕਦੇ ਕਦਾਈਂ ਕੋਈ ਬਾਬਰੀ ਮਸਜਿਦ ਗਿਰਾਉਣ ਵਰਗੀ



Sri Satguru Jagjit Singh Ji eLibrary NamdhariElibrary@gmail.com

ਘਟੀਆ ਕਾਰਵਾਈ ਕਰਦੀ ਹੈ ਤਾਂ ਸਾਡੇ ਦੇਸ਼ ਦੇ ਕਰੋੜਾਂ ਮਿਹਨਤਕਸ਼ ਲੋਕ, ਬੁੱਧੀ-ਜੀਵੀ, ਕਲਮਾਂ ਵਾਲੇ, ਸਿਆਸੀ ਬੰਦੇ ਇਸ ਅਣ ਮਨੁੱਖੀ ਕਾਰਵਾਈ ਲਈ ਉਹਨਾਂ ਨੂੰ ਫਿਟ ਲਾਅਨਤ ਪਾਉਂਦੇ ਹਨ। ਇਸ ਘਟਨਾ ਦੇ ਸਬੰਧ ਵਿਚ ਸਾਡੇ ਕਲਮਾਂ ਵਾਲਿਆਂ ਨੇ ਬਹੁਤ ਲਿਖਿਆ ਹੈ। ਪ੍ਰਸਿੱਧ ਤਰੱਕੀਪਸੰਦ ਉਰਦੂ ਸ਼ਾਇਰ ਜਨਾਬ ਕੈਫੀ ਆਜ਼ਮੀ ਦੀ ਕਵਿਤਾ "ਦੂਸਰਾ ਬਨਬਾਸ" ਇਕ ਇਤਿਹਾਸਿਕ ਦਸਤਾਵੇਜ਼ ਬਣ ਚੁੱਕੀ ਹੈ—

"ਰਾਮ ਬਨਬਾਸ ਸੇ ਜਬ ਲੌਟ ਕੇ, ਘਰ ਮੇਂ ਆਏ।

ਯਾਦ ਜੰਗਲ ਬਹੁਤ ਆਇਆ, ਜੋ ਡਗਰ ਮੇਂ ਆਏ।

ਰਕਸੇ ਦੀਵਾਨਗੀ ਆਂਗਨ ਮੇਂ, ਜੋ ਦੇਖਾ ਹੋਗਾ।

ਛੈਹ ਦਿਸੰਬਰ ਕੋ, ਸ੍ਰੀ ਰਾਮ ਨੇ ਸੋਚਾ ਹੋਗਾ।

ਇਤਨੇ ਦੀਵਾਨੇ ਕਹਾਂ ਸੇ, ਮੇਰ ਘਰ ਮੇਂ ਆਏ।

ਜਗਮਗਾਤੇ ਥੇ ਜਹਾਂ ਰਾਮ ਕੇ, ਕਦਮੋਂ ਕੇ ਨਿਸ਼ਾਂ।

ਪਿਆਰ ਕੀ ਕਹਿਕਸ਼ਾਂ, ਲੇਤੀ ਥੀ ਅੰਗੜਾਈ ਜਹਾਂ।

ਮੋੜ ਨਫਰਤ ਕੇ ਉਸੀ, ਰਾਹ ਗੁਜ਼ਰ ਮੇਂ ਆਏ।

ਧਰਮ ਕਿਆ ਉਨਕਾ ਹੈ ਕਿਆ ਜਾਤ ਹੈ, ਯੇਹ ਜਾਨਤਾ ਕੌਨ।

ਘਰ ਨ ਜਲਤਾ ਤੋ ਉਨੇਂ, ਰਾਤ ਕੋ ਪਹਿਚਾਨਤਾ ਕੌਨ।

ਘਰ ਜਲਾਨੇ ਕੋ ਮਿਰਾ ਲੋਗ ਜੋ ਘਰ ਮੇਂ ਆਏ।

ਸ਼ਾਕਾਹਾਰੀ ਹੈਂ ਮਿਰੇ ਦੋਸਤ, ਤੁਮਹਾਰੇ ਖੰਜ਼ਰ।

ਤੁਮਨੇ ਬਾਬਰ ਦੀ ਤਰਫ, ਫੈਂਕੇ ਥੇ ਸਾਰੇ ਪੱਥਰ।

ਹੈ ਮੇਰੇ ਸਰ ਕੀ ਖ਼ਤਾ, ਜ਼ਖਮ ਜੋ ਮੇਰੇ ਸਰ ਪੇ ਆਏ।

ਪਾਓਂ ਸਰਯੂ ਮੇਂ ਅਭੀ, ਰਾਮ ਨੇ ਧੋਏ ਭੀ ਨਾ ਥੇ।

ਕਿ ਨਜ਼ਰ ਆਏ ਵਹਾਂ, ਖ਼ੂਨ ਕੇ ਗਹਿਰੇ ਧੱਬੇ।

ਪਾਓਂ ਧੋਏ ਬਿਨਾਂ, ਸਰਯੂ ਕੇ ਕਿਨਾਰੇ ਸੇ ਉਠੇ।

ਰਾਮ ਯੇਹ ਕਹਿਤੇ ਹੁਏ। ਆਪਨੇ ਦੁਆਰੇ ਸੇ ਉਠੇ:

ਰਾਜਧਾਨੀ ਕੀ ਫਿਜ਼ਾ। ਆਈ ਨਹੀਂ ਰਾਸ ਮੁਝੇ।

ਛੈਹ ਦਿਸੰਬਰ ਕੋ ਮਿਲਾ ਦੂਸਰਾ ਬਨਬਾਸ ਮੁਝੇ।"

(ਚਲਦਾ)

ਕਵਿਤਾ

# ਇੱਕੀਵੀਂ ਸਦੀ ਦੇ ਪਹਿਲੇ ਵਰ੍ਹਿਆ

*—ਨੀਲਮ ਸੰਜੀਵ*

ਇੱਕਵੀਂ ਸਦੀ ਦੇ ਪਹਿਲੇ ਵਰ੍ਹਿਆ,
ਖ਼ੁਸ਼ੀਆਂ ਲੈ ਕੇ ਆਵੀਂ।
ਅੰਮ੍ਰਿਤ ਵੇਲੇ ਵਰਗੀ ਖ਼ੁਸ਼ਬੂ,
ਆਪਣੇ ਨਾਲ਼ ਲਿਆਵੀਂ।
ਖੁਲ੍ਹ ਜਾਵੇ ਚਾਨਣ ਦੀ ਬੁਕਲ,
ਐਸਾ ਨੂਰ ਖਿੰਡਾਵੀਂ।
ਅੱਖੀਆਂ ਦੇ ਵਿਹੜੇ ਵਿੱਚ 'ਨੀਲਮ'
ਆ ਕੇ ਰੌਣਕ ਲਾਵੀਂ।

ਨਿੱਕੀਆਂ ਨਿੱਕੀਆਂ ਸੱਧਰਾਂ ਉੱਤੇ,
ਗ਼ਮ ਨਾ ਕਿਧਰੋਂ ਆਵੇ।
ਖਿੜ ਖਿੜ ਹੱਸਣ ਦਿਲ ਦੀਆਂ ਕਲੀਆਂ,
ਨਾ-ਫੁੱਲ ਕੋਈ ਮੁਰਝਾਵੇ।
ਅਮਨਾਂ ਦੀ ਵਾਦੀ ਵਿੱਚ ਜ਼ਿੰਦਗੀ,
ਰਾਗ ਭੈਰਵੀ ਗਾਵੇ।
ਹੁਸਨ ਬਣੇ ਸਰਘੀ ਦਾ ਤਾਰਾ
'ਨੀਲਮ' ਸਦਕੇ ਜਾਵੇ।

ਮਾਸੂਮਾਂ ਦੇ ਬੁੱਲਾਂ ਉੱਤੇ
ਖ਼ੁਸ਼ੀ ਦਾ ਰੰਗ ਚੜ੍ਹਾਵੀਂ।
ਇੱਕਵੀਂ ਸਦੀ ਦੇ ਪਹਿਲੇ ਵਰ੍ਹਿਆ,
ਆਵੀਂ ਜੰਮ ਜੰਮ ਆਵੀਂ।

ਰੁੱਤਾਂ ਦੇ ਮੂੰਹ ਉੱਜਲੇ ਦਿੱਸਣ,
ਐਸੀ ਆਵੇ ਲਾਲੀ।
ਗੋਪੀਆਂ ਬਣ ਕੇ ਗਿੱਧਾ ਪਾਵੇ,
ਹਰ ਥਾਂ ਤੇ ਖ਼ੁਸ਼ਹਾਲੀ।

ਤੂੰ ਜ਼ਿੰਦਗੀ ਦੇ ਬਾਗ਼ਾਂ ਵਾਲਾ,
ਬਣਕੇ ਆਵੀਂ ਮਾਲੀ।
ਦੇਸ਼ ਮੇਰੇ ਦਾ ਹਰ ਇੱਕ ਯੋਧਾ,
ਕਰੂ ਤੇਰੀ ਰਖਵਾਲੀ।
ਤੂੰ ਮਿਹਰਾਂ ਦਾ ਬੱਦਲ ਬਣਕੇ,
'ਨੀਲਮ' ਰਿਮ ਝਿਮ ਲਾਵੀਂ।
ਇੱਕੀਵੀਂ ਸਦੀ ਦੇ ਪਹਿਲੇ ਵਰ੍ਹਿਆ,
ਖ਼ੁਸ਼ੀਆਂ ਲੈ ਕੇ ਆਵੀਂ।

ਕੁਆਟਰ ਨੰਬਰ ੧੯, ਸ਼ੂਗਰ ਮਿਲ,
ਫਗਵਾੜਾ



Sri Satguru Jagjit Singh Ji eLibrary NamdhariElibrary@gmail.com

# .ਗੈਬੀ ਆਵਾਜ਼

—ਹਰਜਿੰਦਰ ਸਿੰਘ ਕੰਵਲ

ਸਰਘੀ ਦਾ ਵੇਲਾ ਹੈ, ਦੇਵਮਈ ਉਜਾਲਾ ਹੈ,
ਅੰਬਰਾਂ ਤੋਂ ਆ ਰਹੀ ਇਕ .ਗੈਬੀ ਆਵਾਜ਼ ਹੈ।

ਮਨ ਨੂੰ ਉਕਸਾ ਰਹੀ, ਸੁਪਨੇ ਉਡਾ ਰਹੀ,
ਕਿਸ ਪੰਛੀ ਦੀ ਇਹ ਰਹਿਸਮਈ ਪ੍ਰਵਾਜ਼ ਹੈ?

ਹੈ ਮੇਰਾ ਨਾਨਕ ਕਿਤੇ ਮੈਨੂੰ ਬੁਲਾ ਰਿਹਾ,
ਮਿੱਠੀ ਧੁੰਨ ਦੀ ਕੀ ਇਹ ਉਸਦੀ ਰਬਾਬ ਹੈ?

*****

# ਨਾਨਕ ਦੀ ਯਾਦ

ਕਿਸ ਅੱਗੇ ਮੈਂ ਦਿਲ ਦੇ ਦੁੱਖ ਫੋਲਾਂ,
ਮੈਨੂੰ ਦਿਸਦਾ ਨਾ ਰਾਹਗੀਰ ਕੋਈ।

ਮੇਰੇ ਭਾਗਾਂ 'ਚ ਕਿੰਨੇ ਕੁ ਦੁੱਖ ਹੈ ਅਜੇ,
ਖੋਲ੍ਹ ਦੱਸੇਗਾ ਅੱਜ ਮੇਰੀ ਤਕਦੀਰ ਕੋਈ?

ਜਿਗਰ ਮੇਰੇ ਨੇ ਖਾਧੇ ਨੇ ਫੱਟ ਕਿੰਨੇ,
ਇਹ ਦੱਸੇਗਾ ਫੇਰ ਦਿਲ ਨੂੰ ਚੀਰ ਕੋਈ?

ਅਰਜ਼ਾਂ ਕਰਦਿਆਂ ਯੁਗ ਬੀਤ ਗਏ,
ਕਦ ਆਵੇਗਾ ਨਾਨਕੀ ਦਾ ਵੀਰ ਕੋਈ?

ਮੈਂ ਤਾਂ 'ਕੰਵਲ' ਹਾਂ, ਨਾਨਕ ਦੀ ਲੋੜ ਮੈਨੂੰ,
ਨਾ ਮੈਂ ਪੀਰ ਨਾ ਹਾਂ ਦਸਤਗੀਰ ਕੋਈ।

# ਕਦੋਂ ਦੀਦਾਰ ਹੋਵੇ ਉਸ ਸੋਹਣੀ ਸਰਕਾਰ ਦਾ

—ਹਰਜਿੰਦਰ ਸਿੰਘ ਕੰਵਲ

ਐ ਪੂੰਨਿਆ ਦੇ ਚੰਨ, ਕਰਾਂ ਦੀਦਾਰ ਉਸ ਮਾਲਕ ਯਾਰ ਦਾ,
ਨਾਨਕ ਉਸਦਾ ਨਾਮ ਹੈ, ਸੋਮਾ ਹੈ ਅਨੰਤ ਪਿਆਰ ਦਾ।

ਮੇਰਾ ਤਾਂ ਹੈ ਓਹ ਯੁਗਾਂ ਦਾ ਰਾਖਾ,
ਉਪਕਾਰ ਹੈ ਮੇਰੇ ਤੇ ਉਸੇ ਹੀ ਨਿਰੰਕਾਰ ਦਾ।

ਮੇਰੇ ਜ਼ਿਹਨ ਵਿਚ ਹੈ ਵਸ ਗਿਆ,
ਰੂਪ ਉਸੇ ਹੀ ਅਗੰਮੀ ਦਾਤਾਰ ਦਾ।

ਖਿਮਾਂ ਸ਼ੀਲਤਾ ਦਾ ਹੈ ਓਹ ਮੁਜੱਸਿਮ,
ਸਾਕਾਰ ਰੂਪ ਜੋ ਦਿਸਦਾ ਹੈ ਨਿਰਾਕਾਰ ਦਾ।

ਉਸ ਦੀਆਂ ਅੱਖੀਆਂ ਦਾ ਅਸੀਰ ਜਾਦੂ,
ਕੱਢ ਦਿੰਦਾ ਦੁੱਖ ਦਰਦ ਸਭ ਗੁਨਹਿਗਾਰ ਦਾ।

ਕੱਟ ਦਿੰਦਾ ਹੈ ਬੁਰਿਆਈਆਂ ਨੂੰ ਜੜ੍ਹੋਂ ਫੜਕੇ,
ਮਾਰ ਵਾਰ ਕਰ ਉਹ ਤਿੱਖੀ ਤਲਵਾਰ ਦਾ।

ਆਉਦੀਆਂ ਜਿਸਦੇ ਹੈ ਬਹਾਰ ਆਉਂਦੀ,
ਬਾਗ ਚੰਦਨ ਦਾ ਹੋਵੇ ਜਿਵੇਂ ਮਹਿਕਾਰ ਦਾ।

ਉਸਦੀ ਚਾਲ ਹੈ ਦਿਲ ਨੂੰ ਲੁਭੌਣ ਵਾਲੀ,
ਜਿਵੇਂ ਰਾਗ ਅਲਾਪ ਰਹੀ ਉਹ ਸਿਤਾਰ ਦਾ।

ਦੇਵੀ ਦੇਵ ਸਭ ਲੱਗੇ ਹਨ ਕਰਨ ਸਿਜਦਾ,
ਪਿਆਰਾ ਨਜ਼ਾਰਾ ਦਿਸੇ ਜਦ ਸੱਤਿ ਕਰਤਾਰ ਦਾ।

'ਕੰਵਲ' ਵੀ ਉਸੇ ਉਡੀਕ ਵਿਚ ਬੈਠਾ,
ਕਦੋਂ ਦੀਦਾਰ ਹੋਵੇ ਉਸ ਸੋਹਣੀ ਸਰਕਾਰ ਦਾ।

***********

# ਹਾਇਕੂ

—ਮਹਿਮਾ ਸਿੰਘ

ਹਰ ਦੁੱਖ ਸੁੱਖ ਤੋਂ ਉਪਰ
ਨਰਮੇ ਦੀ ਫੁੱਟੀ ਵਾਂਗ ਖਿੜਿਆ ਹੈ ਚੰਦਰਮਾ
ਉਤਰ ਰਹੀ ਹੈ ਚਾਂਦਨੀ ਕਿਸੇ ਖ਼ਾਬ ਦੀ ਤਰ੍ਹਾਂ.....

ਖੁਰਾਂ ਦੇ ਵਿਚ ਰੜਕਦੀਆਂ ਨੇ
ਖੁੱਭੀਆਂ ਹੋਈਆਂ ਰਹਿਤਲਾਂ
ਅਖੀਰ ਤੋਂ ਮੁੱਢ ਤਕ ਜਾਂਦੀ ਇਕ ਸੜਕ ਹੈ....

ਅਜਲਾਂ ਤੋਂ ਹੀ ਹੁਕਮਰਾਨ ਸੋਚ ਕੇ
ਸੋਚਾਂ ਦੇ ਲਈ ਘੜੀਆਂ ਕਿੰਨੀਆਂ ਬੇੜੀਆਂ
ਫਿਰ ਵੀ ਇਹ ਸੋਚਾਂ ਕਿਤੇ ਨਾ ਰੁਕਦੀਆਂ.....

ਕਦ ਤੱਕ ਕਰੇ ਕੋਈ ਰੂਹਾਂ ਦੀ ਗੱਲ
ਹਾਲੇ ਤਕ ਰੂਹਾਂ ਕਦੇ ਨਾ ਬਹੁੜੀਆਂ
ਦੂਰ ਤਕ ਪਈਆਂ ਨੇ ਜੂਹਾਂ ਸੁੰਨੀਆਂ....

ਉਹ ਕਿ ਜਿਸ ਦੇ ਗਿਰਦ ਹੀ
ਇਹ ਘੁੰਮ ਰਹੀ ਹੈ ਜ਼ਿੰਦਗੀ
ਹੋਵੇਗਾ ਕਿਤੇ ਉਸ ਖਿੱਚ ਦਾ ਧੁਰਾ ਕੋਈ....

ਫਿਰ ਹੀ ਸ਼ੁਰੂ ਹੁੰਦੀ ਅੰਤਮ ਦੌੜ ਹੈ
ਜਦ ਵੀ ਕਿਸੇ ਚੇਤਨਾ ਦੀ ਨਾਭੀ ਵਿਚ
ਡੂੰਘਾ ਧਸਿਆ ਦਰਦ ਦਾ ਕੰਡਾ ਕੋਈ....

ਫਿਰ ਮਾਨਵ ਦੀ ਭਲਾਈ ਵਾਸਤੇ
ਨਵਾਂ ਕੋਈ ਚਿੰਤਨ ਦਾ ਦੀਵਾ ਬਾਲੀਏ
ਪਹਿਲਾਂ ਵਾਲੀਆਂ ਬੁਝ ਰਹੀਆਂ ਨੇ ਬੱਤੀਆਂ.......।

ਹਲਵਾਹਾ (ਲੁਧਿਆਣਾ)
ਪਿੰਨ ੧੪੧੧੦੫



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




***Specialists in :***

**Mercedes Benz Car Repairing**

# AMARJIT MOTOR GARAGE

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

# ਵੱਡਾ ਡਾਕਟਰ

—ਨਾਨਕ ਸਿੰਘ

ਦਫਤਰੋਂ ਛੁਟੀ ਹੋਈ। ਬਾਬੂ ਦੀਨਾ ਨਾਥ ਸੋਟੀ ਹਿਲਾਉਂਦਾ ਹੋਇਆ ਘਰ ਵਲ ਜਾ ਰਿਹਾ ਸੀ। ਜਦ ਉਹ ਮੁਨਿਆਰਾਂ ਦੇ ਬਾਜ਼ਾਰ ਵਿਚੋਂ ਲੰਘਿਆ ਤਾਂ ਉਸ ਨੂੰ ਆਪਣੇ ਕਾਕੇ ਜਗਦੀਸ਼ ਦਾ ਖਿਆਲ ਆਇਆ, ਜਿਹੜਾ ਖਿਡੌਣਿਆਂ ਦਾ ਬੜਾ ਲੋਭੀ ਸੀ।

ਇਹ ਇਕ ਮੁਨਿਆਰ ਦੀ ਹੱਟੀ ਅੱਗੇ ਜਾ ਖਲੋਤਾ ਤੇ ਬਹੁਤ ਸਾਰੇ ਖਿਡੌਣਿਆਂ ਵਿਚੋਂ ਉਸਨੇ ਇਕ ਜੱਤ ਵਾਲਾ ਕੁੱਤਾ ਪਸੰਦ ਕੀਤਾ। ਪੈਸੇ ਦੁਕਾਨਦਾਰ ਨੂੰ ਦੇ, ਕੁੱਤਾ ਖੀਸੇ ਵਿਚ ਪਾ ਉਹ ਘਰ ਵਲ ਟੁਰ ਪਿਆ। ਸਾਰੇ ਖਿਡੌਣਿਆਂ ਵਿਚੋਂ ਉਸ ਨੇ ਜੱਤ ਵਾਲਾ ਕੁੱਤਾ ਹੀ ਕਿਉਂ ਪਸੰਦ ਕੀਤਾ, ਇਸ ਦਾ ਵੀ ਇਕ ਖਾਸ ਕਾਰਨ ਸੀ। ਜਗਦੀਸ਼ ਨੂੰ ਸ਼ੌਕ ਸੀ ਜਾਨਦਾਨ ਖਿਡੌਣਿਆਂ ਨਾਲ ਖੇਡਣ ਦਾ, ਪਰ ਦੀਨਾ ਨਾਥ ਨੂੰ ਮੁੰਡੇ ਦੀ ਇਹ ਆਦਤ ਪਸੰਦ ਨਹੀਂ ਸੀ।

ਜਦ ਉਹ ਘਰ ਪੁੱਜਾ ਤਾਂ ਥੜੇ ਉਤੇ ਉਸ ਨੇ ਜਗਦੀਸ਼ ਨੂੰ ਅੱਜ ਵੀ ਇਕ ਜਾਨਦਾਰ ਖਿਡੌਣੇ ਨਾਲ ਖੇਡਦਿਆਂ ਵੇਖਿਆ। ਡਾਢਾ ਕੂਲਾ, ਰਿਸ਼ਟ-ਪੁਸ਼ਟ ਤੇ ਗੁਦਗੁਦਾ ਖਿਡੌਣਾ, ਇਹ ਇਕ ਬਿੱਲੀ ਦਾ ਬੱਚਾ ਸੀ।

ਬਾਬੂ ਦੀਨਾ ਨਾਥ ਵੱਲ ਜਗਦੀਸ਼ ਦੀ ਪਿੱਠ ਸੀ, ਜਿਸ ਕਰਕੇ ਉਹ ਮੂਹ ਧਿਆਨ ਆਪਣੀ ਖੇਡੇ ਰੁੱਝਾ ਰਿਹਾ। ਬਲੂੰਗੜੇ ਦੀਆਂ ਅਗਲੀਆਂ ਲੱਤਾਂ ਨੂੰ ਫੜ ਕੇ ਉਹ ਉਸ ਨੂੰ ਸਿੱਧਾ ਖੜ੍ਹਾ ਕਰਨਾ ਚਾਹੁੰਦਾ ਸੀ, ਪਰ ਉਹ ਮੁੜ ਚਹੁੰ ਲੱਤਾਂ ਪਰਨੇ ਹੋ ਜਾਂਦਾ।

ਬਲੂੰਗੜਾ ਘੜੀ ਮੁੜੀ ਉਸ ਦਾ ਮੂਹ ਚੁੰਮਣ ਲਈ ਬੂਥੀ ਚੁੱਕਦਾ, ਪਰ ਜਗਦੀਸ਼ ਉਸ ਨੂੰ ਧੱਕ ਕੇ ਪਰੇ ਕਰ ਦੇਂਦਾ ਸੀ। ਅਖੀਰ ਇਕ ਵਾਰੀ ਉਸਨੇ ਮੁੰਡੇ ਦਾ ਮੂਹ ਚੁੰਮ ਲਿਆ।

ਆਪਣੀ ਖੇਡ ਵਿਚ ਜਗਦੀਸ਼ ਏਨਾ ਮਸਤ ਸੀ ਕਿ ਉਸ ਨੂੰ ਆਪਣੀ ਨਿੱਕਰ ਤੇ ਝੱਗੇ ਦਾ ਵੀ ਖਿਆਲ ਨਾ ਰਿਹਾ, ਜਿਹੜੇ ਬਲੂੰਗੜੇ ਦੇ ਚਿੱਕੜ ਭਰੇ ਪੰਜਿਆਂ ਨਾਲ ਨਾਸ ਹੋ ਰਹੇ ਸਨ

ਪਿਛੇ ਖਲੋਤੇ ਬਾਬੂ ਦੀਨਾ ਨਾਥ ਨੇ ਇਹ ਸਭ ਕੁਝ ਵੇਖਿਆ ਤੇ ਗੁਸੇ ਨਾਲ ਉਸਦਾ ਚਿਹਰਾ ਤਮਤਮਾ ਉਠਿਆ। ਉਸ ਨੇ ਪੈਂਦਿਆਂ ਹੀ ਇਕ ਖਰ੍ਹਵੇ ਹੱਥ ਨਾਲ ਬਲੂੰਗੜਾ ਉਸ ਪਾਸੋਂ ਖੋਹ ਕੇ ਇਕ ਪਾਸੇ ਸੁਟ ਦਿਤਾ ਤੇ ਕਹਿਣ ਲੱਗਾ—"ਛੱਡ ਨਲੈਕਾ ਇਸ ਬਲਾ ਨੂੰ। ਵੇਖ ਤੇ ਸਹੀ, ਕੀ ਹਾਲ ਕੀਤਾ ਈ ਨਵੇਂ ਕੱਪੜਿਆਂ ਦਾ!"

ਪਿਉ ਦੇ ਆਉਣ ਤੋਂ ਪਹਿਲਾਂ ਜਗਦੀਸ਼ ਕੁਝ ਹੋਰ ਹੀ ਸੋਚ ਰਿਹਾ ਸੀ। ਉਹ ਇਸ ਖਿਆਲ ਵਿਚ ਸੀ ਕਿ ਆਪਣੇ ਬਾਊ ਜੀ ਦੇ ਆਉਣ ਤੇ ਉਹ ਆਪਣੇ ਇਸ ਨਵੇਂ ਦੋਸਤ ਦੀ ਜਾਣ-ਪਛਾਣ ਉਸ ਨਾਲ ਕਰਾਵੇਗਾ ਤੇ ਬਾਊ ਇਸ ਨੂੰ ਵੇਖ ਕੇ ਬੇਹੱਦ ਖੁਸ਼ ਹੋਵੇਗਾ। ਪਰ ਪਿਉ ਦੇ ਇਸ ਵਰਤਾਉ ਨੇ ਉਸ ਦੇ ਉਤਸ਼ਾਹ ਨੂੰ ਸਲ੍ਹਾਬਾ ਚੜ੍ਹਾ ਦਿਤਾ।

ਉਸ ਨੇ ਇਕ ਸਹਿਮੀ ਨਜ਼ਰ ਨਾਲ ਆਪਣੇ ਪਿਉ ਵੱਲ ਤੱਕਿਆ ਤੇ ਫਿਰ ਪਿਆਰ, ਤਰਸ ਤੇ ਬੇਵਸੀ ਦੀ ਨਜ਼ਰ ਨਾਲ ਵੇਖਿਆ—ਕਈਆਂ ਕਦਮਾਂ ਤੇ ਡਿਗੇ ਪਏ ਆਪਣੇ ਬਲੂੰਗੜੇ ਨੂੰ।

ਪਤੀ ਦੀ ਕੜਕਵੀਂ ਆਵਾਜ਼ ਸੁਣ ਕੇ ਅੰਦਰੋਂ ਉਮਾ ਦੇਵੀ ਨਿਕਲ ਆਈ। ਉਸ ਨੂੰ ਵੇਖਦਿਆਂ ਹੀ ਬਾਬੂ ਦੀਨਾ ਨਾਥ ਦਾ ਕ੍ਰੋਧ ਉਸ ਉਤੇ ਵਰ੍ਹਨ ਲੱਗਾ। ਉਹ ਉਸ ਵੱਲ ਤੱਕ ਕੇ ਬੋਲਿਆ, "ਤੂੰ ਕਿਤਨੀ ਬੇ-ਸਮਝ ਏਂ! ਤੈਨੂੰ ਪਤਾ ਨਹੀਂ, ਬਿੱਲੀਆਂ ਕੁੱਤਿਆਂ ਦੇ ਮੂੰਹ ਦੀ ਹਵਾੜ ਤੇ ਇਨ੍ਹਾਂ ਦੇ ਵਾਲ ਕਿੰਨੇ ਖ਼ਤਰਨਾਕ ਹੁੰਦੇ ਹਨ? ਵੇਖਦੀ ਨਹੀਂ, ਕਿਹੜੇ ਵੇਲੇ ਦਾ ਬਲੂੰਗੜੇ ਨੂੰ ਚੁੰਮਣ ਡਿਹਾ ਹੋਇਆ ਏ ਤੇ ਕੱਪੜਿਆਂ ਦਾ ਸਤਿਆਨਾਸ ਵਖਰਾ ਕਰ ਛਡਿਆ ਸੂ! ਨਾਲੇ ਠੰਢ ਵਿਚ ਇਸ ਵੇਲੇ ਤਕ ਬਾਹਰ ਥੜੇ ਤੇ ਬੈਠਾ ਹੋਇਆ ਏ!"

ਤਿੰਨਾਂ ਵਰ੍ਹਿਆਂ ਦੇ ਬਾਲ ਨੂੰ ਬਾਬੂ ਦੀਨਾ ਨਾਥ ਆਪਣੀ ਅਕਲ ਦੇ ਗਜ਼ਾਂ ਨਾਲ ਮਿਣਨਾ ਚਾਹੁੰਦਾ ਸੀ, ਪਰ ਉਮਾ ਦੇਵੀ ਦੇ ਸੀਨੇ ਵਿਚ ਮਾਂ ਦਾ ਦਿਲ ਸੀ। ਉਹ ਬਾਲਾਂ ਦੇ ਸੁਭਾ ਤੋਂ ਵਧੇਰੇ ਜਾਣੂ ਸੀ।

ਉਮਾ ਦੇਵੀ ਪਤੀ ਨੂੰ ਕਹਿਣ ਲੱਗੀ—"ਹੱਛਾ ਫੇਰ ਕੀ ਹੋਇਆ, ਅੰਞਾਣਾ ਜੂ ਹੋਇਆ, ਸਾਰੇ ਬਾਲ ਇਸੇ ਤਰ੍ਹਾਂ ਹੁੰਦੇ ਨੇ ਕਿ!"

ਦੀਨਾ ਨਾਥ ਹੋਰ ਤੇਜ਼ ਹੋ ਕੇ ਬੋਲਿਆ—"ਸਾਰੇ ਬਾਲ ਤੇ ਹੋਏ ਜੰਗਲੀਆਂ ਅਨਪੜ੍ਹਾਂ ਦੇ। ਇਹੋ ਜਿਹੇ ਗਵਾਰਾਂ ਦੀ ਸੁਹਬਤ ਵਿਚ ਮੈਂ ਨਹੀਂ ਪੈਣ ਦੇਣਾ ਚਾਹੁੰਦਾ ਮੁੰਡੇ ਨੂੰ।"

ਪਿਉ ਦਾ ਹੁਕਮ ਪਾ ਕੇ ਜਗਦੀਸ਼ ਮੁਜਰਮ ਵਾਂਗ ਉਸ ਦੇ ਅੱਗੇ ਅੱਗੇ ਟੁਰ ਪਿਆ। ਅੰਦਰ ਪਹੁੰਚਦਿਆਂ ਤਾਈਂ, ਉਸ ਨੇ ਪਿਉ ਦੀ ਅੱਖ ਬਚਾ ਕੇ ਕਈ ਵਾਰ ਪਿਛਾਂਹ ਤੱਕਿਆ, ਪਰ ਬਲੂੰਗੜਾ ਹੁਣ ਉਥੇ ਨਹੀਂ ਸੀ।

(੨)

ਸਭ ਤੋਂ ਪਹਿਲਾਂ ਉਸ ਦੇ ਕੱਪੜੇ ਬਦਲਾਏ ਗਏ ਤੇ ਇਸ ਤੋਂ ਬਾਅਦ ਬਾਬੂ ਦੀਨਾ ਨਾਥ ਨੇ ਉਸ ਨੂੰ ਪਿਆਰ ਨਾਲ ਕੁੱਛੜ ਲਿਆ। ਉਸ ਦਾ ਮੂਹ ਚੁੰਮਦਾ ਹੋਇਆ ਉਹ ਦਿਲ ਵਿਚ ਆਪਣੀ ਸਖ਼ਤੀ ਤੇ ਪਛਤਾਉਣ ਲੱਗਾ, ਪਰ ਬੱਚੇ ਦੀ ਅਰੋਗਤਾ ਲਈ ਉਸ ਨੂੰ ਕੁਝ ਕਰਨਾ ਹੀ ਪੈਣਾ ਸੀ।

ਜਗਦੀਸ਼ ਉਸ ਦੀ ਗੋਦ ਵਿਚ ਬੈਠਾ ਸੀ, ਪਰ ਅੱਗੇ ਵਾਂਗ ਖੁਸ਼ੀ ਖੁਸ਼ੀ ਨਹੀਂ, ਸਗੋਂ ਡਾਢਾ ਬੇਕਲ ਜਿਹਾ ਹੋ ਕੇ।

ਬਾਬੂ ਦੀਨਾ ਨਾਥ ਨੂੰ ਖਿਡੌਣੇ ਦਾ ਚੇਤਾ ਆ ਗਿਆ। ਉਸ ਨੇ ਝੱਟ ਟੰਗੇ ਹੋਏ ਕੋਟ ਦੀ ਜੇਬ ਵਿਚੋਂ ਜੱਤ ਵਾਲਾ ਕੁੱਤਾ ਕੱਢ ਕੇ ਜਗਦੀਸ਼ ਨੂੰ ਫੜਾ ਦਿਤਾ।

ਕੁੱਤਾ ਬੜਾ ਸੋਹਣਾ ਸੀ, ਪਰ ਜਗਦੀਸ਼ ਨੂੰ ਉਸ ਪਾਸੋਂ



Sri Satguru Jagjit Singh Ji eLibrary NamdhariElibrary@gmail.com

ਕੋਈ ਖੁਸ਼ੀ ਨਾ ਮਿਲ ਸਕੀ। ਉਹ ਇਸ ਨੂੰ ਵੇਖ ਕੇ ਖੁਸ਼ ਹੋਣਾ ਚਾਹੁੰਦਾ ਸੀ, ਪਰ ਬਲੂੰਗੜੇ ਦਾ ਧਿਆਨ ਸਗੋਂ ਉਸ ਨੂੰ ਵਧੇਰੇ ਬੇਚੈਨ ਕਰੀ ਜਾਂਦਾ ਸੀ।

ਰਾਤੀ ਸੌਣ ਲਗਿਆਂ ਉਸ ਨੇ ਕੁੱਤੇ ਨੂੰ ਆਪਣੇ ਨਾਲ ਹੀ ਪੰਘੂੜੇ ਤੇ ਸੁਆਇਆ।

ਇਸ ਵੇਲੇ ਸਾਰੇ ਸੁੱਤੇ ਹੋਏ ਸਨ। ਕੇਵਲ ਜਗਦੀਸ਼ ਹੀ ਆਪਣੀ ਵਿਛਾਈ ਤੇ ਲੇਟਿਆ ਕਿਸੇ ਦੀ ਯਾਦ ਵਿਚ ਮਗਨ ਸੀ। ਥੋੜੀ ਦੇਰ ਬਾਦ ਉਹ ਉਠ ਕੇ ਬੈਠ ਗਿਆ ਤੇ ਸਰ੍ਹਾਂਦੀ ਪਏ ਕੁੱਤੇ ਨੂੰ ਚੁੱਕ ਕੇ ਤੇ ਉਸਨੂੰ ਅਗਲੀਆਂ ਲੱਤਾਂ ਤੋਂ ਫੜ ਕੇ ਖੜ੍ਹਾ ਕਰਨ ਲਗਾ। ਪਰ ਇਹ ਬਲੂੰਗੜੇ ਵਾਂਗ ਸ਼ਰਾਰਤਾਂ ਨਹੀਂ ਸੀ ਕਰਦਾ, ਨਾ ਹੀ ਉਸ ਦਾ ਮੂੰਹ ਚੁੰਮਣ ਨੂੰ ਹੰਭਲੇ ਮਾਰਦਾ ਸੀ। ਅਰਥਾਤ ਬਲੂੰਗੜੇ ਦੀਆਂ ਜਿਨ੍ਹਾਂ ਹਰਕਤਾਂ ਕਰ ਕੇ ਜਗਦੀਸ਼ ਨੂੰ ਗੁੱਸਾ ਆਉਂਦਾ ਸੀ, ਉਹ ਇਸ ਕੁੱਤੇ ਵਿਚ ਨਹੀਂ ਸਨ। ਪਰ ਫੇਰ ਵੀ ਜਗਦੀਸ਼ ਨੂੰ ਇਹ ਚੰਗਾ ਨਹੀਂ ਸੀ ਲਗਦਾ। ਉਹ ਚਾਹੁੰਦਾ ਸੀ ਇਹ ਵੀ ਬਲੂੰਗੜੇ ਵਾਂਗ ਸ਼ਰਾਰਤਾਂ ਕਰੇ ਤੇ ਇਸ ਦੇ ਬਦਲੇ ਉਸ ਨੂੰ ਉਹੋ ਜਿਹਾ ਗੁੱਸਾ ਆਵੇ। ਪਰ ਇਹ ਨਾ ਹੋ ਸਕਿਆ।

ਹੌਲੀ ਹੌਲੀ ਉਸ ਨੂੰ ਇਸ ਕੁੱਤੇ ਪਾਸੋਂ ਨਫ਼ਰਤ ਹੋਣ ਲਗੀ ਤੇ ਥੋੜ੍ਹੇ ਚਿਰ ਬਾਦ ਉਸ ਨੇ ਕੁੱਤੇ ਨੂੰ ਚੁਕ ਕੇ ਹੇਠਾਂ ਸੁਟ ਦਿੱਤਾ।

ਉਹ ਲੰਮਾ ਪੈ ਗਿਆ ਤੇ ਪਿਆ ਪਿਆ ਸੋਚਣ ਲਗਾ—"ਕੀ ਹੁਣ ਉਹ ਨਹੀਂ ਆਵੇਗਾ? ਕੀ ਬਾਊ ਜੀ ਦੇ ਵਰਤਾਉ ਤੋਂ ਉਹ ਮੇਰੇ ਨਾਲ ਵੀ ਗੁਸੇ ਹੋ ਜਾਵੇਗਾ? ਇਸ ਵੇਲੇ ਉਹ ਕਿਥੇ ਹੋਵੇਗਾ—ਕੀ ਕਰਦਾ ਹੋਵੇਗਾ, ਸ਼ਾਇਦ ਕਿਤੋਂ ਹੁਣੇ ਹੀ ਆ ਨਿਕਲੇ—ਸ਼ਾਇਦ ਹੁਣੇ ਹੀ ਉਸ ਦੀ ਮਿੱਠੀ ਮਿੱਠੀ ਮਿਆਉਂ ਮੇਰੇ ਕੰਨੀਂ ਆ ਪਵੇ!"

ਇਸ ਦੇ ਨਾਲ ਹੀ ਉਸ ਨੂੰ ਇਕ ਹੋਰ ਖ਼ਿਆਲ ਆਇਆ। ਉਸ ਨੂੰ ਖ਼ਿਆਲ ਆ ਗਿਆ ਆਪਣੇ ਗੁਆਂਢੀਆਂ ਦੇ ਕੁੱਤੇ ਜੈਕ ਦਾ, ਜਿਹੜਾ ਬਿੱਲੀਆਂ ਨੂੰ ਵੇਖ ਕੇ ਖਾਣ ਨੂੰ ਪੈਂਦਾ ਸੀ।

ਉਹ ਸੋਚਣ ਲੱਗਾ—ਸਾਡੇ ਘਰ ਵੀ ਤਾਂ ਇਸ ਵੇਲੇ ਕੁੱਤਾ ਮੌਜੂਦ ਹੈ। ਇਸ ਦੇ ਹੁੰਦਿਆਂ ਬਲੂੰਗੜਾ ਸਾਡੇ ਘਰ ਨਹੀਂ ਆ ਸਕੇਗਾ।

ਉਸ ਨੇ ਕਮਰੇ ਵਿਚ ਵੇਖਿਆ। ਬਿਜਲੀ ਦੇ ਚਾਨਣ ਵਿਚ ਉਹੀ ਜੱਤ ਵਾਲਾ ਕੁੱਤਾ ਇਕ ਨੁਕਰੇ ਪਿਆ ਦਿਸਿਆ।

ਉਹ ਅਛੋਪਲਾ ਪੰਘੂੜੇ 'ਚੋਂ ਉਤਰਿਆ ਤੇ ਜਾ ਕੇ ਕੁੱਤੇ ਨੂੰ ਚੁਕ ਲਿਆਇਆ, ਇਕ ਪਾਸੇ ਪੁਰਾਣੇ ਕੱਪੜੇ ਕੱਠੇ ਹੋਏ ਪਏ ਸਨ। ਉਸ ਨੇ ਕੁੱਤੇ ਨੂੰ ਉਹਨਾਂ ਕੱਪੜਿਆਂ ਥੱਲੇ ਨੱਪ ਦਿਤਾ ਤੇ ਫੇਰ ਆਪਣੇ ਬਿਸਤਰੇ ਤੇ ਆ ਲੇਟਿਆ।

ਹੁਣ ਉਹ ਬੜੀ ਬੇਸਬਰੀ ਨਾਲ ਬੈਠਾ ਬੈਠਾ ਬਲੂੰਗੜੇ ਦੀ ਉਡੀਕ ਕਰਨ ਲੱਗਾ। ਇਸੇ ਉਡੀਕ ਦੇ ਸਮੇਂ ਉਸ ਨੂੰ ਇਉਂ ਅਨੁਭਵ ਹੋਣ ਲੱਗਾ ਜੀਕਣ ਬਲੂੰਗੜਾ ਉਸ ਦੇ ਪਾਸ ਆਉਣਾ ਚਾਹੁੰਦਾ ਹੈ, ਪਰ ਜੱਤ ਵਾਲਾ ਕੁੱਤਾ ਘੜੀ-ਮੁੜੀ ਕੱਪੜਿਆਂ ਹੇਠੋਂ ਨਿਕਲ ਕੇ ਉਸ ਨੂੰ ਨਸਾ ਦੇਂਦਾ ਹੈ।

ਉਹ ਫੇਰ ਉਠਿਆ ਤੇ ਕੁੱਤੇ ਨੂੰ ਕੱਪੜਿਆਂ ਥੱਲੋਂ ਕੱਢ ਲਿਆਇਆ। ਫਿਰ ਸਹਿਜ ਨਾਲ ਉਸ ਨੇ ਬਾਰੀ ਦਾ ਕੁੰਡਾ ਖੋਲ੍ਹਿਆ ਤੇ ਕੁੱਤੇ ਨੂੰ ਸੀਖ਼ਾਂ ਵਿਚੋਂ ਧੱਕ ਕੇ ਬਾਹਰ ਸੁਟ ਦਿੱਤਾ।

ਸੁੱਟ ਤਾਂ ਉਸ ਨੇ ਦਿੱਤਾ, ਪਰ ਇਸ ਨਾਲ ਵੀ ਉਸ ਨੂੰ ਤਸੱਲੀ ਨਾ ਹੋ ਸਕੀ। ਸਗੋਂ ਉਸ ਦਾ ਤੌਖਲਾ ਹੋਰ ਵਧ ਗਿਆ। ਕਾਰਨ? ਕੁੱਤਾ ਹੁਣ ਬਿਲਕੁਲ ਬੂਹੇ ਦੇ ਲਾਗੇ ਗਲੀ ਵਿਚ ਬੈਠਾ ਹੋਵੇਗਾ ਤੇ ਇਸ ਜ਼ਾਲਮ ਨੇ ਕਦੇ ਬਲੂੰਗੜੇ ਨੂੰ ਅੰਦਰ ਆਉਣ ਦੇਣਾ ਹੈ।

ਇਸੇ ਬੇਚੈਨੀ ਵਿਚ ਉਹ ਪਤਾ ਨਹੀਂ ਕਿੰਨਾ ਚਿਰ ਛਟਪਟਾਂਦਾ ਰਿਹਾ ਤੇ ਅਖ਼ੀਰ ਉਸ ਨੂੰ ਨੀਂਦ ਆ ਗਈ।

(੩)

"ਹੈਂ ਜੀ, ਤੁਸਾਂ ਬਾਰੀ ਨਹੀਂ ਸੀ ਬੰਦ ਕੀਤੀ?" ਪਰਭਾਤ ਵੇਲੇ ਨਾਲ ਉਮਾ ਦੇਵੀ ਨੇ ਪਾਸਾ ਪਰਤਦਿਆਂ ਹੋਇਆਂ ਪਤੀ ਨੂੰ ਕਿਹਾ—"ਕਿਡੀ ਠੰਢੀ ਵਾ ਆਉਣ ਡਹੀ ਹੋਏ ਏ।"

ਬਾਬੂ ਦੀਨਾ ਨਾਥ ਨੇ ਰਜਾਈ 'ਚੋਂ ਉਠ ਕੇ ਵੇਖਿਆ—ਬਾਰੀ ਖੁਲ੍ਹੀ ਹੋਈ ਸੀ, ਪਰ ਹੈਰਾਨੀ ਨਾਲ ਸੋਚਣ ਲੱਗਾ ਇਸ ਨੂੰ ਤਾਂ ਮੈਂ ਆਪ ਬੰਦ ਕਰਕੇ ਸੁੱਤਾ ਸਾਂ।

ਇਸ ਤੋਂ ਬਾਦ ਦੋਵੇਂ ਉਠ ਬੈਠੇ। ਉਨ੍ਹਾਂ ਨੂੰ ਬੜਾ ਫਿਕਰ ਹੋਣ ਲੱਗਾ ਜੁ ਬਾਰੀ ਕਿਸ ਤਰ੍ਹਾਂ ਖੁਲ੍ਹ ਗਈ। ਝਟਪਟ ਉਨ੍ਹਾਂ ਨੇ ਉਠ ਕੇ ਸੰਦੂਕਾਂ ਟਰੰਕਾਂ ਦੇ ਜੰਦਰੇ ਟੋਹਣੇ ਸ਼ੁਰੂ ਕਰ ਦਿਤੇ। ਸਭ ਕੁਝ ਜਿਉਂ ਦਾ ਤਿਉਂ ਸੀ। ਕੋਈ ਅੰਦਰ ਆਉਂਦਾ ਤਾਂ ਖ਼ਾਲੀ ਕਿਸ ਤਰ੍ਹਾਂ ਚਲਾ ਜਾਂਦਾ। ਤੇ ਨਾਲੇ ਬਾਬੂ ਦੀਨਾ ਨਾਥ ਆਪਣੇ ਹੱਥੀਂ ਬਾਰੀ ਦਾ ਕੁੰਡਾ ਅੜਾ ਕੇ ਸੁੱਤਾ ਸੀ। ਬਾਹਰਲਾ ਬੂਹਾ ਵੇਖਿਆ। ਉਹ ਵੀ ਜਿਉਂ ਦਾ ਤਿਉਂ ਬੰਦ ਸੀ—ਕੁੰਡਾ ਅੰਦਰੋਂ ਵੱਜਾ ਹੋਇਆ ਸੀ।

ਬਾਬੂ ਦੀਨਾ ਨਾਥ ਨੇ ਬੂਹਾ ਖੋਲ੍ਹ ਕੇ ਬਾਹਰ ਗਲੀ ਵਿਚ ਝਾਤੀ ਮਾਰੀ ਤਾਂ ਸਭ ਤੋਂ ਪਹਿਲਾਂ ਓਹੀ ਕਲ੍ਹ ਦਾ ਲਿਆਂਦਾ ਹੋਇਆ ਜੱਤ ਵਾਲਾ ਕੁੱਤਾ ਉਸ ਦੀ ਨਜ਼ਰੀਂ ਪਿਆ।

ਉਸ ਨੂੰ ਸਮਝਣ ਵਿਚ ਚਿਰ ਨਾ ਲੱਗਾ ਕਿ ਇਹ ਜਗਦੀਸ਼ ਦੀ ਹੀ ਕਾਰਸਤਾਨੀ ਹੈ। ਮੁੰਡੇ ਦੀ ਬੇਸਮਝੀ ਉਤੇ ਉਸ ਨੂੰ ਖਿਝ ਆਈ, ਪਰ ਜਗਦੀਸ਼ ਸੁੱਤਾ ਪਿਆ ਸੀ, ਇਸ ਲਈ ਬਾਬੂ ਦੀਨਾ ਨਾਥ ਗੁਸਾ ਪੀ ਗਿਆ। ਹਾਂ, ਜੇ ਕਦੇ ਜਾਗਦਾ ਹੁੰਦਾ, ਤਾਂ ਜ਼ਰੂਰ ਦੋ ਚਾਰ ਝਿੜਕਾਂ ਤੇ ਇਕ ਅੱਧ ਚਪੇੜ ਉਹ ਖਾਂਦਾ।

ਪਰ ਉਮਾ ਦੇਵੀ ਨੇ ਜਦ ਪਤੀ ਦੀ ਜ਼ਬਾਨੀ ਇਹ ਗੱਲ ਸੁਣੀ ਤਾਂ ਉਸ ਦੇ ਬੁਲ੍ਹਾਂ 'ਚੋਂ ਹਾਸਾ ਨਿਕਲ ਗਿਆ।

ਬੂਹੇ ਬਾਰੀਆਂ ਬੰਦ ਕਰਕੇ ਜਦ ਦੀਨਾ ਨਾਥ ਲੰਮਾ ਪੈਣ ਲੱਗਾ ਤਾਂ ਉਸ ਦੀ ਨਜ਼ਰ ਜਗਦੀਸ਼ ਦੇ ਪੰਘੂੜੇ ਤੇ ਪਈ। ਬਲੂੰਗੜਾ ਜਗਦੀਸ਼ ਦੀ ਬਾਂਹ ਵਿਚ ਸੀ ਤੇ ਸੁਤੇ ਹੋਏ ਜਗਦੀਸ਼ ਦਾ ਹੱਥ ਸਹਿਜੇ ਸਹਿਜੇ ਉਸ ਦੀ ਪਿੱਠ ਤੇ ਫਿਰ ਰਿਹਾ ਸੀ। ਜਗਦੀਸ਼ ਦੇ ਚਿਹਰੇ ਉਤੇ ਇਸ ਵੇਲੇ ਮੁਸਕ੍ਰਾਹਟ ਖੇਡ ਰਹੀ ਸੀ।

"ਹੈਂ! ਬਦਜਾਤ ਫੇਰ ਆ ਵੜਿਆ!" ਕਹਿੰਦਿਆਂ ਕਹਿੰਦਿਆਂ ਦੀਨਾ ਨਾਥ ਨੇ ਜਗਦੀਸ਼ ਦੀ ਬਾਂਹ ਵਿਚੋਂ ਬਲੂੰਗੜਾ



Sri Satguru Jagjit Singh Ji eLibrary NamdhariElibrary@gmail.com

ਖਿੱਚ ਲਿਆ। ਇਸ ਦੇ ਨਾਲ ਹੀ ਜਗਦੀਸ਼ ਜਾਗ ਪਿਆ। ਉਸ ਨੇ ਆਪਣੇ ਬੂੰਗੇ ਨੂੰ ਵੇਖਿਆ, ਪਰ ਵਿਛੋੜੇ ਦੇ ਵੇਲੇ। ਮਿਲਾਪ ਦੀਆਂ ਸੁਨਹਿਰੀ ਘੜੀਆਂ ਕਿਵੇਂ ਬੀਤ ਗਈਆਂ, ਇਸ ਦਾ ਉਸ ਨੂੰ ਕੋਈ ਪਤਾ ਨਹੀਂ। ਉਸ ਨੇ ਅਰਮਾਨ-ਭਰੀ ਨਜ਼ਰ ਨਾਲ ਆਪਣੀ ਨਿੱਘੀ ਬਾਂਹ ਵਿਚੋਂ ਬਲੂੰਗੜੇ ਨੂੰ ਖਿਚੀਂਦਾ ਵੇਖਿਆ—ਮਾਨੋਂ ਉਸ ਨੇ ਸੀਨੇ ਵਿਚੋਂ ਦਿਲ ਨੂੰ ਖਿਚੀਂਦਾ ਵੇਖਿਆ।

ਉਸ ਨੇ ਚਾਹਿਆ ਕਿ ਝਟਪਟ ਉਠ ਕੇ ਪਿਉ ਪਾਸੋਂ ਆਪਣੇ ਬੂੰਗੇ ਨੂੰ ਖੋਹ ਲਵੇ, ਪਰ ਪਿਉ ਦੀਆਂ ਲਾਲ ਲਾਲ ਅੱਖਾਂ ਤੇ ਗੁਸੇ-ਭਰਿਆ ਚਿਹਰਾ ਵੇਖ ਕੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

ਬਲੂੰਗੜੇ ਨੇ ਤਾਂ ਨਹੁੰਦਰਾਂ ਦੀ ਮਦਦ ਨਾਲ ਆਪਣੇ ਗੁੱਸੇ ਨੂੰ ਕਿਸੇ ਹੱਦ ਤੀਕ ਪਰਗਟ ਕੀਤਾ, ਪਰ ਜਗਦੀਸ਼ ਵਿਚਾਰਾ ਆਪਣੇ ਪ੍ਰੀਤਮ-ਵਿਛੋੜੇ ਨੂੰ ਕਿਸੇ ਤਰ੍ਹਾਂ ਵੀ ਜ਼ਾਹਰ ਨਾ ਕਰ ਸਕਿਆ।

ਉਮਾ ਦੇਵੀ ਨੇ ਬਥੇਰਾ ਰੋਕਿਆ, ਵਾਸਤੇ ਪਾਏ, ਪਰ ਦੀਨਾ ਨਾਥ ਨੇ ਇਕ ਨਾ ਮੰਨੀ। ਉਸ ਨੇ ਝਟਪਟ ਨਾਲ ਦੀ ਕੋਠੜੀ ਵਿਚੋਂ ਨੌਕਰ ਮੁੰਡੇ ਨੂੰ ਆਵਾਜ਼ ਦਿਤੀ।

ਨੌਕਰ ਆਇਆ ਤੇ ਦੀਨਾ ਨਾਥ ਨੇ ਬਲੂੰਗੜਾ ਉਸ ਨੂੰ ਫੜਾਂਦਿਆਂ ਹੋਇਆ ਕਿਹਾ—"ਜਾਹ ਇਸ ਨੂੰ ਸ਼ਹਿਰੋਂ ਬਾਹਰ ਗੰਦੇ ਨਾਲੇ ਤੋਂ ਪਾਰ ਛੱਡ ਕੇ ਆ।"

"ਬਾਊ ਜੀ, ਮੇਰਾ ਬੂੰਗਾ।" ਬੜੀ ਦਰਦ-ਭਰੀ ਆਵਾਜ਼ ਵਿਚ ਜਗਦੀਸ਼ ਦੇ ਮੂੰਹੋਂ ਨਿਕਲਿਆ।

ਬਾਬੂ ਦੀਨਾ ਨਾਥ ਨੂੰ ਉਸ ਉਤੇ ਇਕ ਤਾਂ ਅੱਠਾਂ ਆਨਿਆਂ ਦੇ ਖਿਡੌਣੇ ਦਾ ਗੁੱਸਾ ਸੀ, ਉਤੋਂ ਉਸ ਦਾ ਇਹ ਪਾਗ਼ਲਪੁਣਾ ਕਿ ਬਲੂੰਗੜੇ ਦੇ ਮੂੰਹ ਨਾਲ ਮੂੰਹ ਜੋੜ ਕੇ ਪਤਾ ਨਹੀਂ ਕਿੰਨਾ ਚਿਰ ਤੋਂ ਸੁੱਤਾ ਰਿਹਾ। ਉਸ ਨੇ ਇਕ ਹੌਲਾ ਜਿਹਾ ਧੱਪਾ ਜਗਦੀਸ਼ ਦੇ ਸਿਰ ਤੇ ਮਾਰ ਕੇ ਕਿਹਾ—"ਚੁਪ ਕਰਨਾ ਏਂ ਕਿ ਨਹੀਂ? ਬੂੰਗੇ ਦਾ ਬੱਚਾ! ਖ਼ਬਰਦਾਰ ਜੇ ਮੁੜ ਕੇ ਇਹਦਾ ਨਾਂ ਲਿਆ ਤੇ।"

ਉਮਾ ਦੇਵੀ ਪਾਸੋਂ ਮੁੰਡੇ ਦੀ ਹਾਲਤ ਵੇਖੀ ਨਾ ਗਈ। ਉਹ ਗਿੜਗਿੜਾ ਕੇ ਬੋਲੀ—"ਰਹਿਣ ਦਿਓ ਸੂ ਝਟ ਪਲ, ਕਿਉਂ ਮੁੰਡੇ ਦਾ ਦਿਲ ਤੋੜਦੇ ਓ।"

ਪਰ ਦੀਨਾ ਨਾਥ ਦੇ ਦਿਲ ਤੇ ਇਸ ਦਾ ਕੁਝ ਵੀ ਅਸਰ ਨਾ ਹੋਇਆ। ਉਹ ਬੱਚੇ ਦੀ ਸਿਹਤ ਬਦਲੇ ਸਭ ਕੁਝ ਸਹਿਣ ਨੂੰ ਤਿਆਰ ਸੀ। ਘੂਰਕ ਕੇ ਉਸ ਨੂੰ ਕਹਿਣ ਲੱਗਾ—"ਤੂੰਹੀਓਂ ਤੇ ਬਹੁਤਾ ਇਸ ਨੂੰ ਸਿਰੇ ਚੜ੍ਹਾ ਛੱਡਿਆ ਏ। ਤੂੰ ਮੁੰਡੇ ਨੂੰ ਜ਼ਰੂਰ ਬੀਮਾਰ ਕਰਕੇ ਰਹਿਣਾ ਏਂ। ਤੈਨੂੰ ਇਕ ਵਾਰੀ ਜੁ ਸਮਝਾਇਆ ਏ, ਬਿੱਲੀਆਂ ਕੁੱਤੇ ਨਿਰਾ ਬੀਮਾਰੀ ਦਾ ਘਰ ਹੁੰਦੇ ਨੇ।" ਫਿਰ ਨੌਕਰ ਵੱਲ ਤੱਕਕੇ, ਕਹਿਣ ਲਗਾ—"ਲੈ ਜਾ ਓਏ ਮੁੰਡਿਆ, ਛਡ ਆ ਇਸ ਨੂੰ, ਛੇਤੀ ਜਾਹ।"

ਜਗਦੀਸ਼ ਨੂੰ ਜੇ ਹੋਰ ਕਿਸੇ ਕਾਰਨ ਧੱਪਾ ਪੈਂਦਾ ਤਾਂ ਉਹ ਛੱਤ ਸਿਰ ਚੁੱਕ ਲੈਂਦਾ, ਪਰ ਇਸ ਵੇਲੇ ਉਹ ਕੁਸਕਿਆ ਤਕ ਨਹੀਂ। ਸਗੋਂ ਅਜਿਹੀ ਨਜ਼ਰ ਨਾਲ ਪਿਉ ਵਲ ਤੱਕਣ ਲੱਗਾ, ਮਾਨੋਂ ਉਸ ਨੇ ਕੋਈ ਬੜਾ ਭਾਰੀ ਕਸੂਰ ਕੀਤਾ ਹੈ। ਉਸ ਨੇ ਆਪਣੇ ਪਿਆਰੇ ਬੂੰਗੇ ਲਈ ਸ਼ਹਿਰ ਨਿਕਾਲੇ ਦਾ ਹੁਕਮ ਸੁਣਿਆ ਤੇ ਕਲੇਜਾ ਮਸੋਸ ਕੇ ਰਹਿ ਗਿਆ। ਜਾਂਦੇ ਬੂੰਗੇ ਨੂੰ ਉਸ ਨੇ ਇਕ ਵਾਰੀ ਨਜ਼ਰ ਭਰ ਕੇ ਵੇਖਣਾ ਚਾਹਿਆ, ਪਰ ਸਿਰ ਤੇ ਪਿਉ ਨੂੰ ਖੜ੍ਹਾ ਵੇਖ ਕੇ ਅੱਖਾਂ ਨਾ ਚੁੱਕ ਸਕਿਆ। ਅਖ਼ੀਰ ਜਦ ਸਾਰਾ ਤਾਣ ਲਾ ਕੇ ਉਸ ਨੇ ਨਜ਼ਰ ਫੇਰੀ ਵੀ, ਤਾਂ ਉਸ ਦਾ ਬੂੰਗਾ ਉਥੇ ਨਹੀਂ ਸੀ—ਉਸ ਨੂੰ ਪੁੰਨੂੰ ਹੋਤਾਂ ਨੇ ਦੂਰ ਪਹੁੰਚਾ ਦਿਤਾ ਸੀ।

ਸਾਰਾ ਦਿਨ ਜਗਦੀਸ਼ ਉਦਾਸ ਰਿਹਾ। ਉਹ ਘੜੀ ਮੁੜੀ ਕਿਸੇ ਬਹਾਨੇ ਗਲੀ ਦਾ ਮੋੜ ਭਉਂ ਕੇ ਬਜ਼ਾਰ ਦੇ ਸਿਰੇ ਤੀਕ ਜਾਂਦਾ ਤੇ ਜਿਥੋਂ ਤਕ ਉਸਦੀ ਨਜ਼ਰ ਜਾ ਸਕਦੀ ਸੀ, ਬਜ਼ਾਰ ਦੇ ਦੁਹਾਂ ਸਿਰਿਆਂ ਨੂੰ ਵੇਖਦਾ। ਪਰ ਹਰ ਵਾਰੀ ਉਸ ਨੂੰ ਨਿਰਾਸ ਹੀ ਮੁੜਨਾ ਪੈਂਦਾ।

ਜਗਦੀਸ਼ ਨੂੰ ਪੱਕਾ ਵਿਸ਼ਵਾਸ਼ ਸੀ ਕਿ ਰਾਤ ਨੂੰ ਉਸ ਦਾ ਬੂੰਗਾ ਕਲ੍ਹ ਵਾਂਗ ਆ ਨਿਕਲੇਗਾ। ਕਲ੍ਹ ਦੀ ਬਾਬਤ ਉਸ ਨੂੰ ਘੜੀ ਮੁੜੀ ਅਫ਼ਸੋਸ ਹੁੰਦਾ ਰਿਹਾ ਕਿ ਉਹ ਕਿਉਂ ਨਾ ਜਾਗਦਾ ਰਿਹਾ, ਤਾਂ ਜੁ ਜਿੰਨਾ ਚਿਰ ਬੂੰਗਾ ਉਸ ਦੇ ਨਾਲ ਰਿਹਾ ਸੀ, ਉਹ ਰੱਜ ਕੇ ਉਸ ਨੂੰ ਪਿਆਰ ਤਾਂ ਕਰ ਲੈਂਦਾ।

ਅਖ਼ੀਰ ਉਸ ਨੇ ਫੈਸਲਾ ਕਰ ਲਿਆ ਕਿ ਅਜ ਸਾਰੀ ਰਾਤ ਨਹੀਂ ਸਵਾਂਗਾ। ਉਹ ਚੋਖੀ ਰਾਤ ਗਈ ਤਕ ਜਾਗਦਾ ਰਿਹਾ, ਪਰ ਵਿਅਰਥ।

ਜ਼ਰਾ ਕੁ ਉਸ ਦੀ ਅੱਖ ਲਗਣ ਲਗਦੀ ਕਿ ਉਹ ਝਟ ਪਟ ਸੁਚੇਤ ਹੋ ਜਾਂਦਾ ਤੇ ਮੁੜ ਮੁੜ ਬਿਸਤਰੇ ਦੇ ਸੱਜੇ ਖਬੇ ਹੱਥ ਮਾਰਦਾ ਤੇ ਕਦੇ ਕਮਰੇ ਵਿਚ ਨਜ਼ਰ ਦੁੜਾਂਦਾ। ਸੁੱਤਿਆਂ ਸੁੱਤਿਆਂ ਕਿਸੇ ਕਿਸੇ ਵੇਲੇ ਉਸ ਦੇ ਕੰਨਾਂ ਨੂੰ 'ਮਿਆਉਂ' ਦਾ ਭਰਮ ਜਿਹਾ ਪੈਂਦਾ ਤੇ ਉਹ ਝਟ ਉਠ ਕੇ ਬੈਠ ਜਾਂਦਾ, ਪਰ ਉਸ ਦਾ ਇਹ ਭਰਮ ਦੂਰ ਹੋ ਜਾਂਦਾ ਉਸ ਨੂੰ ਸਮਝ ਆਉਂਦੀ ਕਿ ਇਹ ਤਾਂ ਕੋਈ ਟਿੱਡੀ ਟੀਂ-ਟੀਂ ਕਰ ਰਹੀ ਹੈ, ਅਥਵਾ ਉਸ ਦੇ ਸੁਤੇ ਹੋਏ ਬਾਬੂ ਜੀ ਦੇ ਸਾਹ ਲੈਣ ਦੀ ਆਵਾਜ਼ ਹੈ।

ਇਸੇ ਤਰ੍ਹਾਂ ਕਦੇ ਉਸ ਨੂੰ ਅਧ-ਨੀਂਦੇ ਵਿਚ ਸਾਹਮਣੀ ਕੰਧ ਵਲ ਵੇਖ ਕੇ ਬਲੂੰਗੜੇ ਦਾ ਝਾਉਲਾ ਪੈਂਦਾ, ਪਰ ਜਦ ਗਹੁ ਨਾਲ ਵੇਖਦਾ ਤਾਂ ਉਸ ਨੂੰ ਪਤਾ ਲੱਗਦਾ ਕਲ੍ਹ ਵਾਲੀ ਨਿੱਕਰ ਧੋ ਕੇ ਉਸ ਦੀ ਬੀਬੀ ਨੇ ਕਿੱਲੀ ਨਾਲ ਟੰਗੀ ਹੋਈ ਹੈ।

ਉਸ ਦੀ ਇਹ ਰਾਤ ਲਗ ਭਗ ਸਾਰੀ ਹੀ ਬੜੀ ਬੇ-ਅਰਾਮੀ ਨਾਲ ਬੀਤੀ।

(੪)

ਵਡੇ ਵੇਲੇ ਜਗਦੀਸ਼ ਆਪਣੇ ਨੀਅਤ ਸਮੇਂ ਜਾਗਿਆ। ਉਮਾ ਦੇਵੀ ਨੇ ਜਦ ਉਸ ਨੂੰ ਜਗਾਇਆ ਤਾਂ ਉਸ ਨੂੰ ਪਤਾ ਲੱਗਾ ਕਿ ਜਗਦੀਸ਼ ਨੂੰ ਪੰਜ ਭੱਠ ਬੁਖ਼ਾਰ ਚੜ੍ਹਿਆ ਹੋਇਆ ਹੈ।

ਬਾਬੂ ਦੀਨਾ ਨਾਥ ਅੱਜ ਸਾਰੀ ਦਿਹਾੜੀ ਦਫ਼ਤਰ ਵਿਚ ਬੇਚੈਨ ਰਿਹਾ। ਉਸ ਨੂੰ ਮੁੜ ਮੁੜ ਕੇ ਇਹੋ ਖ਼ਿਆਲ ਆਉਂਦਾ ਕਿ ਮੁੰਡੇ ਨੂੰ ਭਾਵੇਂ ਬਲੂੰਗੜੇ ਨੇ ਹੀ ਬੀਮਾਰ ਕਰ ਦਿਤਾ ਹੋਵੇ। ਉਮਾ


Sri Satguru Jagjit Singh Ji eLibrary NamdhariElibrary@gmail.com

ਦੇਵੀ ਉਤੇ ਉਸ ਨੂੰ ਘੜੀ ਮੁੜੀ ਗੁਸਾ ਆਉਂਦਾ। ਉਹ ਦਿਲ ਵਿਚ ਕਹਿੰਦਾ—ਇਸ ਨੂੰ ਹਜ਼ਾਰ ਵੇਰਾਂ ਸਮਝਾ ਚੁਕਾ ਸਾਂ ਕਿ ਬਿੱਲੀਆਂ ਦੇ ਨੱਕ ਮੂੰਹ ਦੀ ਗੰਦੀ ਹਵਾ ਬੜੀ ਖ਼ਤਰਨਾਕ ਹੁੰਦੀ ਏ—ਮੁੰਡੇ ਨੂੰ ਇਨ੍ਹਾਂ ਨਾਲ ਨਾ ਖੇਡਣ ਦਿਆ ਕਰੋ, ਪਰ ਇਸ ਬੇ-ਸਮਝ ਤੀਵੀਂ ਨੇ ਇਕ ਨਾ ਸੁਣੀ। ਨਾ ਜਾਣੀਏਂ ਬਲੂੰਗੜੇ ਦਾ ਕੋਈ ਵਾਲ ਮੁੰਡੇ ਦੇ ਅੰਦਰ ਚਲਾ ਗਿਆ ਹੋਵੇ—ਮੂੰਹ ਨਾਲ ਮੂੰਹ ਲਾਈ ਤਾਂ ਮੈਂ ਉਸ ਨੂੰ ਆਪ ਵੇਖਿਆ ਸੀ।

ਬਾਬੂ ਦੀਨਾ ਨਾਥ ਅਜ ਵਕਤ ਤੋਂ ਪਹਿਲਾਂ ਹੀ ਦਫ਼ਤਰੋਂ ਆ ਗਿਆ। ਜਗਦੀਸ਼ ਬੁਖ਼ਾਰ ਨਾਲ ਬੇ-ਸੁਰਤ ਪਿਆ ਸੀ। ਦੀਨਾ ਨਾਥ ਘੜੀ ਮੁੜੀ ਉਮਾ ਦੇਵੀ ਨੂੰ ਛਿੱਥਾ ਪੈਂਦਾ ਤੇ ਉਹ ਵਿਚਾਰੀ ਸਿਰ ਨੀਵਾਂ ਪਾ ਲੈਂਦੀ।

ਬੁਖ਼ਾਰ ਦਿਨੋ ਦਿਨ ਭਿਆਨਕ ਸ਼ਕਲ ਫੜਦਾ ਗਿਆ। ਅਖ਼ੀਰ ਦੀਨਾ ਨਾਥ ਨੂੰ ਦਫ਼ਤਰੋਂ ਕੁਝ ਦਿਨਾਂ ਦੀ ਛੁਟੀ ਲੈਣੀ ਪਈ।

(੫)

ਸਿਆਲ ਦੀਆਂ ਲੰਮੀਆਂ ਰਾਤਾਂ ਅੱਖਾਂ ਵਿਚ ਤੇ ਦਿਨ ਨੱਠੋ-ਭੱਜੀ ਵਿਚ ਬਿਤਦਿਆਂ ਪੂਰੇ ਤਿੰਨ ਹਫ਼ਤੇ ਹੋ ਗਏ, ਪਰ ਜਗਦੀਸ਼ ਨੇ ਮੰਜੇ ਦੀ ਸਾਂਝ ਨਾ ਛੱਡੀ। ਉਮਾ ਦੇਵੀ ਜਦ ਉਸ ਨੂੰ ਵੇਖਦੀ ਤਾਂ ਉਸ ਦਾ ਦਿਲ ਰੋ ਉਠਦਾ। ਜਗਦੀਸ਼ ਵਿਚ ਹੁਣ ਬੋਲਣ ਚਾਲਣ ਦੀ ਸਮਰਥਾ ਵੀ ਨਹੀਂ ਸੀ। ਉਸ ਦੇ ਮਘਦੇ ਬੁਲ੍ਹਾਂ ਨਾਲ ਬੁਲ੍ਹ ਜੋੜੀ ਉਮਾ ਦੇਵੀ ਕਿੰਨਾ ਚਿਰ ਅੱਥਰੂਆਂ ਨਾਲ ਉਸ ਦਾ ਮੂੰਹ ਧੋਂਦੀ ਰਹਿੰਦੀ ਤੇ ਇਹ ਅੱਥਰੂ ਜਗਦੀਸ਼ ਦੇ ਬੁਲ੍ਹਾਂ 'ਚੋਂ ਆ ਰਹੇ ਸੇਕ ਨਾਲ ਗਰਮ ਹੋ ਜਾਂਦੇ।

ਦੀਨਾ ਨਾਥ ਤਾਂ ਮਾਨੋਂ ਪਾਗ਼ਲ ਹੀ ਹੋਇਆ ਫਿਰਦਾ ਸੀ। ਉਸ ਨੂੰ ਕੁਝ ਪਤਾ ਨਹੀਂ ਸੀ ਲਗਦਾ ਕਿ ਏਨੀ ਛੇਤੀ ਇਹ ਕੀ ਭਾਣਾ ਵਰਤ ਗਿਆ ਹੈ। ਉਸ ਨੂੰ ਸਹੇ ਛੱਡ ਪਹੇ ਦੀ ਪੈ ਗਈ ਸੀ। ਜਗਦੀਸ਼ ਦੇ ਨਾਲ ਹੀ ਉਮਾ ਦੇਵੀ ਦੀ ਜਾਨ ਵੀ, ਉਸ ਨੂੰ ਖ਼ਤਰੇ ਵਿਚ ਦਿਸ ਰਹੀ ਸੀ, ਜਿਸ ਨੇ ਅੱਜ ਕਈਆਂ ਦਿਨਾਂ ਤੋਂ ਅੰਨ ਦਾ ਭੋਰਾ ਨਹੀਂ ਸੀ ਛੋਹਿਆ। ਦੀਨਾ ਨਾਥ ਦੀ ਫੁਲਵਾੜੀ ਫੁੱਲਾਂ ਸਣੇ ਮੁਰਝਾ ਰਹੀ ਸੀ।

(੬)

ਦੁਹਾਂ ਪਤੀ ਪਤਨੀ ਲਈ ਅੱਜ ਰਾਤ ਖ਼ਾਸ ਤੌਰ ਤੇ ਡਾਢੀ ਹੀ ਮੁਸੀਬਤ ਦੀ ਸੀ, ਜਦ ਕਿ ਸ਼ਾਮ ਨੂੰ ਡਾਕਟਰ ਜਾਂਦਾ ਹੋਇਆ ਉਨ੍ਹਾਂ ਨੂੰ ਕਹਿ ਗਿਆ ਸੀ ਕਿ ਅੱਜ ਮੁੰਡੇ ਦਾ ਖ਼ਾਸ ਖਿਆਲ ਰੱਖਣਾ—ਜੇ ਰਾਤ ਸੁਖ ਸਾਂਦ ਦੀ ਲੰਘ ਗਈ ਤਾਂ ਵੱਡੇ ਵੇਲੇ ਸਵੇਰੇ ਹੀ ਮੈਨੂੰ ਖ਼ਬਰ ਕਰਨੀ।

ਦੁਹਾਂ ਵਹੁਟੀ ਗੱਭਰੂ ਨੇ ਤਿੰਨ ਪਹਿਰ ਬੈਠਿਆਂ ਬਿਤਾ ਦਿਤੇ। ਦੀਨਾ ਨਾਥ ਬਥੇਰੀ ਕੋਸ਼ਿਸ਼ ਕਰਦਾ ਕਿ ਜਗਦੀਸ਼ ਨੂੰ ਲੈ ਲਵੇ, ਪਰ ਉਮਾ ਦੇਵੀ ਇਕ ਮਿੰਟ ਲਈ ਵੀ ਉਸ ਨੂੰ ਆਪਣੀ ਗੋਦ 'ਚੋਂ ਵੱਖ ਨਹੀਂ ਸੀ ਕਰਨਾ ਚਾਹੁੰਦੀ। ਉਹ ਬਰਾਬਰ ਉਸ ਦੇ ਚਿਹਰੇ ਤੇ ਨਜ਼ਰ ਟਿਕਾਈ ਬੈਠੀ ਰਹੀ ਤੇ ਇਸੇ ਬੈਠਕ ਵਿਚ ਉਸ ਨੇ ਰਾਤ ਤੋਂ ਪਰਭਾਤ ਕਰ ਦਿੱਤੀ। ਜਗਦੀਸ਼ ਨੂੰ ਅੱਖ ਪੁਟਿਆਂ ਚੌਵੀ ਘੰਟੇ ਹੋ ਗਏ ਸਨ।

ਜਦ ਇਸੇ ਤਰ੍ਹਾਂ ਬੈਠਿਆਂ ਉਸ ਦਾ ਲੱਕ ਆਕੜ ਗਿਆ ਤੇ ਲੱਤਾਂ ਸਉਂ ਗਈਆਂ ਤਾਂ ਉਮਾ ਦੇਵੀ ਨੇ ਪਤੀ ਵਲ ਤੱਕਿਆ, ਪਰ ਉਹ ਸੁੱਤਾ ਹੋਇਆ ਸੀ।

ਉਸ ਨੇ ਜਗਦੀਸ਼ ਨੂੰ ਮੰਜੇ ਤੇ ਪਾ ਦਿਤਾ ਤੇ ਆਪ ਉਠ ਕੇ ਖੜ੍ਹੀ ਹੋ ਗਈ। ਇਸੇ ਵੇਲੇ ਉਸ ਦੇ ਕੰਨਾਂ ਵਿਚ ਖਟਖਟ ਦੀ ਆਵਾਜ਼ ਪਈ, ਪਰ ਉਸ ਦਾ ਸਾਰਾ ਧਿਆਨ ਤਾਂ ਜਗਦੀਸ਼ ਵੱਲ ਸੀ। ਜਗਦੀਸ਼ ਦੀਆਂ ਅੱਖਾਂ ਅਜ ਉਂਝ ਹੀ ਡਰਾਉਣੀਆਂ ਜਿਹੀਆਂ ਜਾਪਦੀਆਂ ਸਨ। ਇਸ ਕਰਕੇ ਉਹ ਬਰਾਬਰ ਇਨ੍ਹਾਂ ਵਲ ਤੱਕ ਰਹੀ ਸੀ ਤੇ ਇਸ ਦੇ ਨਾਲ ਹੀ ਕਈ ਤਰ੍ਹਾਂ ਦੇ ਭੈੜੇ ਖਿਆਲ ਆ ਆ ਕੇ ਉਸ ਦੇ ਦਿਲ ਨੂੰ ਤੜਫ਼ਾ ਰਹੇ ਸਨ।

ਖਲਿਆਂ ਖਲਿਆਂ ਉਸ ਦਾ ਧਿਆਨ ਹੋਰ ਵਧੇਰੇ ਜਗਦੀਸ਼ ਵਲ ਖਿਚਿਆ ਗਿਆ, ਜਦ ਉਸਨੇ ਵੇਖਿਆ ਕਿ ਉਹ ਬੜੀ ਕੋਸ਼ਿਸ਼ ਨਾਲ ਅੱਖਾਂ ਖੋਲ੍ਹਣ ਦਾ ਯਤਨ ਕਰ ਰਿਹਾ ਹੈ ਤੇ ਉਸ ਦੇ ਬੁਲ੍ਹ ਵੀ ਕੁਝ ਕੁਝ ਫਰਕ ਰਹੇ ਹਨ।

ਝਟਪਟ ਮੰਜੇ ਤੇ ਬੈਠ ਕੇ ਉਸ ਨੇ ਜਗਦੀਸ਼ ਨੂੰ ਮੁੜ ਗੋਦ ਵਿਚ ਲੈ ਲਿਆ। ਇਸ ਵੇਲੇ ਫੇਰ ਉਸ ਨੂੰ ਬਾਹਰੋਂ ਆਵਾਜ਼ ਆਈ, ਜਿਸ ਤਰ੍ਹਾਂ ਕੋਈ ਬੂਹੇ ਨੂੰ ਖਰੋਚ ਰਿਹਾ ਹੈ। ਉਸ ਨੇ ਫੇਰ ਵੀ ਉਸ ਪਾਸੇ ਧਿਆਨ ਨਾ ਦਿਤਾ, ਕਿਉਂਕਿ ਜਗਦੀਸ਼ ਇਸ ਵੇਲੇ ਅਧ ਖੁਲ੍ਹੀਆਂ ਅੱਖਾਂ ਨਾਲ ਮਾਂ ਵਲ ਤੱਕ ਰਿਹਾ ਸੀ। ਨਾਲ ਹੀ ਬੁਲ੍ਹਾਂ ਵਿਚ ਕੁਝ ਕਹਿ ਰਿਹਾ ਸੀ, ਜਿਸ ਨੂੰ ਉਮਾ ਦੇਵੀ ਸਮਝਣ ਦਾ ਯਤਨ ਕਰ ਰਹੀ ਸੀ।

ਜਗਦੀਸ਼ ਨੂੰ ਕਈ ਦਿਨਾਂ ਪਿਛੋਂ ਅੱਜ ਅਚਾਨਕ ਇਸ ਤਰ੍ਹਾਂ ਦੀ ਹਰਕਤ ਕਰਦਿਆਂ ਵੇਖ ਕੇ ਉਮਾ ਦੇਵੀ ਦੇ ਅੰਦਰ ਇਕ ਖੁਸ਼ੀ ਦੀ ਲਹਿਰ ਦੌੜ ਗਈ। ਪਰ ਝਟ ਹੀ ਇਕ ਹੋਰ ਡਰਾਉਣੇ ਖ਼ਿਆਲ ਨੇ ਆ ਕੇ ਉਸ ਦਾ ਗਲਾ ਘੁਟ ਲਿਆ। ਉਸ ਨੂੰ ਖਿਆਲ ਆ ਗਿਆ ਕਿ ਅੰਤਮ ਘੜੀਆਂ ਉਤੇ ਅਕਸਰ ਰੋਗੀ ਇਸੇ ਤਰ੍ਹਾਂ ਹਰਕਤਾਂ ਕਰਿਆ ਕਰਦੇ ਹਨ ਤੇ ਕੁਝ ਚੇਤੰਨ ਵੀ ਹੋ ਜਾਇਆ ਕਰਦੇ ਹਨ।

ਉਸ ਨੇ ਜਗਦੀਸ਼ ਦੇ ਮੱਥੇ ਤੇ ਹੱਥ ਫੇਰਦਿਆਂ ਹੋਇਆਂ ਸਹਿਮ ਭਰੀ ਅਵਾਜ਼ ਵਿਚ ਕਿਹਾ—"ਜਗਦੀਸ਼! ਕਿਉਂ ਕਾਕਾ? ਕੀ ਕਿਹਾ ਈ? ਉਚੀ ਬੋਲ ਕੇ........"

ਉਸ ਦਾ ਵਾਕ ਅਜੇ ਖ਼ਤਮ ਵੀ ਨਹੀਂ ਸੀ ਹੋਇਆ ਕਿ ਬਾਹਰੋਂ ਬੜੀ ਧੀਮੀ ਜਿਹੀ ਅਵਾਜ਼ ਆਈ, "ਮਿਆਉਂ।" ਤੇ ਨਾਲ ਹੀ ਇਸ ਨਾਲੋਂ ਵੀ ਧੀਮਾ ਆਵਾਜ਼ ਵਿਚ ਜਗਦੀਸ਼ ਦੇ ਮੂੰਹੋਂ ਨਿਕਲਿਆ—"ਬੀਬੀ ਬਲੂੰਗੜਾ।" ਤੇ ਹਥ ਦਾ ਇਸ਼ਾਰਾ ਉਸ ਨੇ ਬੂਹੇ ਵਲ ਕੀਤਾ।

ਜਿਸ ਤਰ੍ਹਾਂ ਕੋਈ ਸੁੱਤਾ ਤ੍ਰਭਕ ਉਠਦਾ ਹੈ, ਇਸੇ ਤਰ੍ਹਾਂ ਉਮਾ ਦੇਵੀ ਨੂੰ ਇਕ ਭੁਲੀ ਹੋਈ ਯਾਦ ਆ ਗਈ ਤੇ ਉਹ ਬਿਨਾਂ ਇਕ ਪਲ ਠਹਿਰਨ ਦੇ ਬੂਹੇ ਵਲ ਨੱਸੀ।

ਉਸ ਨੇ ਬੂਹਾ ਖੋਲ੍ਹਿਆ। ਇਕ ਮਰੀਅਲ ਜਿਹਾ ਬਲੂੰਗੜਾ—ਜਿਸ ਦਾ ਸਰੀਰ ਕੇਵਲ ਹੱਡੀਆਂ ਤੇ ਖੱਲੜੀ ਮਾਤਰ



Sri Satguru Jagjit Singh Ji eLibrary NamdhariElibrary@gmail.com

ਹੀ ਸੀ—ਅਗਲੇ ਪੰਜਿਆਂ ਨਾਲ ਬੂਹੇ ਨੂੰ ਖਰੋਚ ਰਿਹਾ ਸੀ ਤੇ ਬੂਹਾ ਖੁਲ੍ਹਦਿਆਂ ਹੀ ਦਲੀਜ ਟੱਪਣ ਲਈ ਜ਼ੋਰ ਲਾਉਣ ਲੱਗਾ।

ਇਧਰ ਬਲੂੰਗੜਾ ਦਲੀਜ ਟੱਪਣ ਦਾ ਜਤਨ ਕਰ ਰਿਹਾ ਸੀ ਤੇ ਉਧਰ ਜਗਦੀਸ਼ ਉਠਣ ਦੀਆਂ ਅਸਫ਼ਲ ਕੋਸ਼ਿਸ਼ਾਂ ਕਰ ਰਿਹਾ ਸੀ। ਪਰ ਦੋਹਾਂ ਨੂੰ ਹੋਰ ਖੇਚਲ ਕਰਨ ਦੀ ਲੋੜ ਨਾ ਪਈ। ਦੂਜੇ ਪਲ ਹੀ ਉਮਾ ਦੇਵੀ ਨੇ ਚਿੱਕੜ ਮਿੱਟੀ ਨਾਲ ਲਿਬੜਿਆ ਬਲੂੰਗੜਾ ਲਿਆ ਕੇ ਜਗਦੀਸ਼ ਦੀ ਛਾਤੀ ਤੇ ਰਖ ਦਿਤਾ।

ਜਗਦੀਸ਼ ਦੇ ਚਿਹਰੇ ਤੇ ਇਕ ਅਨੋਖੀ ਮੁਸਕ੍ਰਾਹਟ ਆਈ ਤੇ ਉਹ ਕਾਹਲੇ ਸਾਹ ਲੈਂਦਾ ਹੋਇਆ ਉਮਾਂ ਦੇਵੀ ਵਲ ਤੱਕ ਕੇ ਬੋਲਿਆ—"ਬੀਬੀ! ਬੂੰਗਾ—ਮੇਆ ਬੂੰਗਾ।"

ਇਸ ਵੇਲੇ ਦੀਨਾ ਨਾਥ ਦੀ ਵੀ ਅੱਖ ਖੁਲ੍ਹ ਗਈ ਸੀ ਤੇ ਉਹ ਇਕ ਸੁਨਹਿਰੀ ਸੁਪਨੇ ਵਾਂਗ ਇਹ ਸਭ ਕੁਝ ਵੇਖ ਰਿਹਾ ਸੀ। ਉਮਾ ਦੇਵੀ ਦਾ ਤਾਂ ਖੁਸ਼ੀ ਨਾਲ ਦਿਲ ਛਾਤੀਓਂ ਬਾਹਰ ਨਿਕਲ ਨਿਕਲ ਪੈਂਦਾ ਸੀ। ਉਸ ਨੇ ਪਤੀ ਵਲ ਇਕ ਭੇਤ ਭਰੀ ਨਜ਼ਰ ਨਾਲ ਤੱਕਿਆ ਤੇ ਦੀਨਾ ਨਾਥ ਨੇ ਖੁਸ਼ੀ-ਭਰੀ ਸ਼ਰਮਿੰਦਗੀ ਨਾਲ ਸਿਰ ਨੀਵਾਂ ਪਾ ਲਿਆ।

ਬਲੂੰਗੜਾ ਕੀ ਆਇਆ, ਜਗਦੀਸ਼ ਲਈ ਧਨੰਤਰ ਵੈਦ ਆ ਗਿਆ। ਅੱਧੇ ਘੰਟੇ ਦੇ ਅੰਦਰ ਅੰਦਰ ਉਹ ਚੰਗੀ ਤਰ੍ਹਾਂ ਹਿੱਲਣ ਜੁਲਣ ਜੋਗਾ ਹੋ ਗਿਆ। ਇਸ ਵੇਲੇ ਬਲੂੰਗੜਾ ਉਸ ਦੀ ਛਾਤੀ ਨਾਲ ਸੀ ਤੇ ਮੂੰਹ ਉਸ ਦੇ ਮੂੰਹ ਨਾਲ। ਦੀਨਾ ਨਾਥ ਹੈਰਾਨ ਹੋਇਆ ਉਹਨਾਂ ਦਾ ਇਹ ਕੌਤਕ ਵੇਖ ਰਿਹਾ ਸੀ। ਬਲੂੰਗੜੇ ਨੂੰ ਜਗਦੀਸ਼ ਪਾਸੋਂ ਖੋਹਣਾ ਅੱਗੇ ਨਾਲੋਂ ਬਹੁਤ ਸੁਖਾਲਾ ਕੰਮ ਸੀ—ਜਦਕਿ ਨਾ ਤਾਂ ਜਗਦੀਸ਼ ਵਿਚ ਅੜੀ ਕਰਨ ਦੀ ਤਾਕਤ ਸੀ ਤੇ ਨਾ ਹੀ ਬਲੂੰਗੜਾ ਨਹੁੰਦਰਾਂ ਮਾਰਨ ਜੋਗਾ ਸੀ, ਪਰ ਦੀਨਾ ਨਾਥ ਵਿਚ ਹੀ ਏਨੀ ਤਾਕਤ ਕਿਥੇ ਸੀ ਜੁ ਇਨ੍ਹਾਂ ਦੋਹਾਂ ਚਿਰੀ-ਵਿਛੁੰਨੀਆਂ ਰੂਹਾਂ ਨੂੰ ਨਿਖੇੜ ਸਕਦਾ।

ਰੋਜ਼ ਦੇ ਨੇਮ ਅਨੁਸਾਰ ਉਸ ਨੇ ਜਗਦੀਸ਼ ਨੂੰ ਜਦ ਥਰਮਾਮੀਟਰ ਲਾ ਕੇ ਵੇਖਿਆ ਤਾਂ ਬੁਖ਼ਾਰ—ਜਿਹੜਾ ਰਾਤੀਂ ੧੦੪ ਤੋਂ ਵੀ ਉਪਰ ਸੀ—ਇਸ ਵੇਲੇ ਨਾਰਮਲ ਡਿਗਰੀ ਤੇ ਪੁਜਾ ਹੋਇਆ ਸੀ।

ਇਸ ਵੇਲੇ ਨੌਕਰ ਆਇਆ ਤੇ ਕਹਿਣ ਲੱਗਾ—"ਬਾਊ ਜੀ! ਡਾਕਟਰ ਵਲ ਜਾਵਾਂ? ਕੀ ਕਹਾਂ ਉਸ ਨੂੰ?"

ਦੀਨਾ ਨਾਥ ਦੇ ਉੱਤਰ ਦੇਣ ਤੋਂ ਪਹਿਲਾਂ ਹੀ ਉਮਾ ਦੇਵੀ ਮੁਸਕਰਾਉਂਦੀ ਹੋਈ ਨੌਕਰ ਨੂੰ ਕਹਿਣ ਲਗੀ—"ਨਹੀਂ, ਹੁਣ ਡਾਕਟਰ ਵਲ ਜਾਣ ਦੀ ਲੋੜ ਨਹੀਂ--ਸਾਡੇ ਘਰ 'ਵੱਡਾ ਡਾਕਟਰ' ਆ ਗਿਆ ਹੈ।"

******

## ਗ਼ਜ਼ਲ

—ਅਮਰਜੀਤ ਸਿੰਘ

ਸੱਜਣ ਸੰਗ ਜੋ ਰਲੀਆਂ ਮਾਣੇ।
ਦਰਦ ਆਸਾਡਾ ਉਹ ਕੀ ਜਾਣੇ।

ਬਿਰਹਾ ਕੁੱਠਿਆਂ ਅਸਾਂ ਜਿਹਾਂ ਦਾ,
ਇਹ ਦੁਨੀਆਂ ਕੀ ਜ਼ਾਤ ਪਛਾਣੇ।

ਮਰਨ ਬਿਨਾਂ ਦੱਸ ਕੀ ਚਾਰਾ ਏ,
ਆਪਣੇ ਜਿਸ ਨੂੰ ਕੋਹਣ ਧਿੰਙਾਣੇ।

ਲੇਖਾਂ ਦੇ ਵਿੱਚ ਧੁਰੋਂ ਲਿਖਾਇਆ,
ਸਾਰੀ ਉਮਰਾ ਦਰਦ ਹੰਢਾਣੇ।

ਹੱਥੀਂ ਚੋਗਾ ਪਾ ਪਾ ਪਾਲੇ,
ਬਣ ਬੈਠੇ ਨੇ ਅਜ ਜਰਵਾਣੇ।

ਬਿਨ ਸੱਜਣ ਦੇ ਨਹੀਂ ਤਸੱਲੀ,
ਖਾਕ ਦਰੋ-ਦਰ ਕਿਤਨੀ ਛਾਣੇ।

ਜੇ ਗਲਵੱਕੜੀ ਸੱਜਣ ਪਾਵੇ,
ਭੁੱਜੇ ਉੱਗ ਪੈਣਗੇ ਦਾਣੇ।

## ਗ਼ਜ਼ਲ

—ਅਜੈਬ ਸਿੰਘ

ਨਜ਼ਰ ਤੇਰੀ ਸਜਣਾ ਸਵੱਲੀ ਚਾਹੀਦੀ,
ਸਾਡੇ ਦਿਲ ਨੂੰ ਏਹੋ ਤਸੱਲੀ ਚਾਹੀਦੀ।

ਤੇਰੇ ਆਉਣ ਦੀ ਹੋਵੇ ਕੋਈ ਨਿਸ਼ਾਨੀ
ਵਜਦੀ ਮੇਰੇ ਦਿਲ 'ਚ ਟੱਲੀ ਚਾਹੀਦੀ।

ਘਾਟੇ ਮੁਬਾਰਕ ਪੀੜਾਂ ਮੁਬਾਰਕ,
ਨਜ਼ਰ ਯਾਰ ਦੀ ਨਾ ਅਵੱਲੀ ਚਾਹੀਦੀ।

ਬਿਨਾਂ ਤੇਰੇ ਜੀਣਾ ਭੀ ਜੀਣਾ ਹੈ ਕੋਈ,
ਮਹਿਕ ਤੇਰੀ ਹਰ ਸਾਹ ਨੇ ਮੱਲੀ ਚਾਹੀਦੀ।

ਫ਼ਲ ਦੀ ਨਾ ਚਾਹਤ ਕਰੋ ਕਰਮ ਕਰਕੇ,
ਚਾਹ ਮਤਲਬੀ ਤਾਂ ਦਬੱਲੀ ਚਾਹੀਦੀ।


Sri Satguru Jagjit Singh Ji eLibrary NamdhariElibrary@gmail.com

*Our Motto : Best Quality of the Day*

# High Class Gun Manufacturers

## Single & Double Barrels



# 12-Bore GUNS

# Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

***Sister Concern :***

**M/S. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

# ਲਾਲ ਏਹਿ ਰਤਨ

—ਪ੍ਰੀਤਮ ਸਿੰਘ ਦੀਪਕ

| | |
|---|---|
| ਪੁਸਤਕ ਦਾ ਨਾਮ | ਲਾਲ ਏਹਿ ਰਤਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤ੍ਰ ਉਪਦੇਸ਼ (੨) |
| ਪ੍ਰਕਾਸ਼ਕ | ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਿਟੇਡ ਬੰਗਲੌਰ |
| ਸੰਪਾਦਿਕਾ | ਪ੍ਰਿੰਸੀਪਲ ਬੇਅੰਤ ਕੌਰ |
| ਭੇਟਾ | ੪੦੦ ਰੁਪੈ, ਸਫੇ ੩੭੪. |
| ਮਿਲਣ ਦਾ ਪਤਾ | ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ (ਪੰਜਾਬ) ੧੪੧੧੩ |
| ਰੀਵੀਊ ਕਾਰ | ਪ੍ਰੀਤਮ ਸਿੰਘ ਦੀਪਕ, ਜਨਰਲ ਸਕਤ੍ਰ, ਆਲ ਇੰਡੀਆ ਨਿਊ ਲਿਖਾਰੀ ਸਭਾ ਦਿੱਲੀ ੫੮. |

"ਬਾਬਾਣੀਆ ਕਹਾਣੀਆ ਪੁੱਤ ਸੁਪੁੱਤ ਕਰੇਨਿ", ਗੁਰਬਾਣੀ ਮਹਾਂਵਾਕ ਹੈ। ਇਹੋ ਹੀ ਭਾਰਤੀ ਪ੍ਰੰਪਰਾ ਹੈ ਜੋ ਜੁਗਾਂ ਜੁਗਾਂਤਰਾਂ ਤੋਂ ਚਲੀ ਆਉਂਦੀ ਹੈ। ਹਮੇਸ਼ਾ ਤੋਂ ਹੀ ਮਾਨਵ ਆਪਣੇ ਅਤੀਤ ਨਾਲ ਜੁੜਿਆ ਰਹਿੰਦਾ ਰਿਹਾ ਹੈ। ਆਪਣੇ ਬਜ਼ੁਰਗਾਂ ਦੀਆਂ ਕਰਨੀਆਂ ਤੇ ਕੀਰਤੀਆਂ ਤੋਂ ਪ੍ਰਭਾਵਿਤ ਹੁੰਦਾ ਹੋਇਆ ਅਤੇ ਸਿਖਿਆ ਪ੍ਰਾਪਤ ਕਰਦਾ ਹੋਇਆ ਸਮੇਂ ਨਾਲ ਅੱਗੇ ਵਧਦਾ ਰਿਹਾ ਹੈ। ਸਮੇਂ ਸਮੇਂ ਦੇ ਬਜ਼ੁਰਗਾਂ ਦੇ ਸੀਨੇ-ਬਸੀਨੇ ਚਲੀਆਂ ਆਉਂਦੀਆਂ ਪੁਰਾਤਨ ਬਜ਼ੁਰਗਾਂ ਦੀ ਕਰਨੀਆਂ ਅਤੇ ਕੀਰਤੀਆਂ ਵਿਚੋਂ ਕੁਝ ਇਤਿਹਾਸ ਦਾ ਰੂਪ ਧਾਰ ਲੈਂਦੀਆਂ ਹਨ ਅਤੇ ਕੁਝ ਉਪਦੇਸ਼ਾਂ, ਪ੍ਰਵਚਨਾਂ, ਅਤੇ ਅਣਮੁੱਲੇ ਬਚਨਾਂ ਦਾ। ਇਸ ਤਰ੍ਹਾਂ ਸੁਣੀਆਂ ਸੁਣਾਈਆਂ ਵਾਰਤਾਵਾਂ ਦੇ ਆਸਰੇ ਤੇ ਸਾਡਾ ਸਮਾਜ ਚਲ ਰਿਹਾ ਹੈ ਅਤੇ ਚਲਦਾ ਵੀ ਰਹੇਗਾ। ਤਾਹੀਓਂ ਤਾਂ ਸਤਿਗੁਰ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਹਾ ਕਰਦੇ ਸਨ ਕਿ "ਅਸੀਂ ਤਾਂ ਸੁਨੀ ਸਿੱਖ ਹਾਂ। ਜਿਹੜੇ ਸਾਡੇ ਬਜ਼ੁਰਗ ਜਿਹੜੇ ਪੁਰਾਤਨ ਸਨ, ਮਾਤਾ ਜੀ ਜਾਂ ਹੋਰ ਉਨ੍ਹਾਂ ਦੇ ਵਕਤ ਦੇ, ਜਿਨ੍ਹਾਂ ਸਤਿਗੁਰਾਂ (ਸਤਿਗੁਰੂ ਰਾਮ ਸਿੰਘ ਜੀ) ਦੇ ਦਰਸ਼ਨ ਕੀਤੇ ਹੋਏ ਸੀ। ਉਹ ਕਹਿੰਦੇ ਸਨ।" (ਸਫਾ ੧੩੬) ਤੇ ਫਿਰ ਸੁਣਾਇਆ ਕਰਦ ਸਨ ਸਤਿਗੁਰੂ ਹਰੀ ਸਿੰਘ ਜੀ ਅਤੇ ਹੋਰ ਸਮੇਂ ਦੀਆਂ ਹੱਡ-ਬੀਤੀਆਂ ਕਹਾਣੀਆਂ, ਵਾਰਤਾਵਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਨਾਮ ਦੇ ਰਸੀਆਂ, ਗੁਰਸਿਖ ਸੇਵਕਾਂ ਦੀਆਂ ਅਦਭੁਤ ਕਥਾਵਾਂ ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸ ਵਿੱਚ ਗੁੰਨ ਗੁੰਨ ਕੇ ਸਮੇਂ ਸਮੇਂ ਨਾਮਧਾਰੀ ਦੀਵਾਨਾਂ ਵਿਚ, ਜੋ ਅਜ ਕਲ੍ਹ ਦੇ ਪ੍ਰੌਢ ਨਾਮਧਾਰੀਆਂ ਦੀ ਹਿੱਕਾਂ ਵਿੱਚ ਅਮਿੱਟ ਯਾਦਗਾਰਾਂ ਬਣ ਕੇ ਰਹਿ ਗਈਆਂ ਹਨ।

ਅਤੇ ਇਹ ਵੀ ਇਕ ਅਜਬ ਇਤਫ਼ਾਕ ਦੀ ਗੱਲ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਦਾ ਉਤਸ਼ਾਹ ਬੈਂਕਾਕ ਦੀਆਂ ਨਾਮਧਾਰੀ ਸੰਗਤਾਂ ਦੇ ਮਨਾਂ ਵਿੱਚ ਜਾਗਿਆ ਤੇ ਸਤਿਗੁਰਾਂ ਵੀ ਪ੍ਰਵਾਨਗੀ ਦੇ ਦਿੱਤੀ, ਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਬੈਂਕਾਕ ਦੀ ਨਾਮਧਾਰੀ ਸੰਗਤਾਂ ਵਿੱਚ ਪਿਆਰ ਮਿਲਣੀਆਂ ਦਾ ਸਿਲਸਿਲਾ ਕਈ ਸਾਲਾਂ ਤੱਕ ਚਲਦਾ ਰਿਹਾ। ੧੯੪੮-੫੯ ਦੇ ਵਿਚਕਾਰਲੇ ਸਮੇਂ ਵਿੱਚ ਕਈ ਵਾਰ ਸਤਿਗੁਰਾਂ ਨੇ ਬੈਂਕਾਕ ਦੀਆਂ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਸਤਿਗੁਰੂ ਸੰਗਤਾਂ ਵਿੱਚ ਬੈਠਦੇ, ਬਚਨ-ਬਲਾਸ ਹੁੰਦੇ, ਉਪਦੇਸ਼ ਹੁੰਦੇ, ਕਥਾ ਵਾਰਤਾਵਾਂ ਹੁੰਦੀਆਂ,ਸੰਤ ਧਿਆਨ ਸਿੰਘ ਜੀ ਕ੍ਰਿਤ ਪੁਸਤਕ 'ਸਤਿਗੁਰੂ ਬਿਲਾਸ' ਦੇ ਕੁਝ ਅਧਿਆਵਾਂ ਦੀ ਵਿਆਖਿਆ ਹੁੰਦੀ। ਕਹਿਣ ਨੂੰ ਤਾਂ ਇਹ ਕਥਾ ਪੁਸਤਕ 'ਸਤਿਗੁਰੂ ਬਿਲਾਸ' ਚੋਂ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ ਵਾਰਤਾ ਹੁੰਦੀ, ਪਰ ਸਤਿਗੁਰੂ ਬਿਲਾਸ ਦੇ ਤੱਥਾਂ ਤੋਂ ਇਲਾਵਾ ਇਸ ਸਮੇਂ ਹੁੰਦੀਆਂ ਸਤਿਗੁਰਾਂ ਆਪਣੇ ਜੀਵਨ ਤਜ਼ਰਬਿਆਂ ਦੀਆਂ ਵਾਰਤਾਵਾਂ, ਅਨੇਕ ਹੀ ਮਹਾਂਪੁਰਖਾਂ, ਮਸਤਾਨਿਆਂ ਤੇ ਨਾਮ ਵਿੱਚ ਰੰਗੇ ਸੰਤਾਂ ਦੇ ਜੀਵਨ ਤਜ਼ਰਬੇ ਦੇ ਨਚੋੜ, ਜੋ ਸਤਿਗੁਰੂ ਬਿਲਾਸ ਵਿੱਚ ਅੰਕਤ ਨਹੀਂ। ਜਿਨ੍ਹਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਥਾ ਵਾਰਤਾ ਕਰਦਿਆਂ ਦੀਵਾਨਾਂ ਵਿੱਚ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕੀਤਾ ਹੈ, ਉਹੀ ਜਾਣਦੇ ਹਨ ਕਿ ਕਿਸ ਤਰ੍ਹਾਂ ਦਾ ਸ਼ਾਂਤ ਮਾਹੌਲ ਹੁੰਦਾ ਸੀ ਜਿਵੇਂ ਸਤਿਜੁਗ ਦੇ ਪ੍ਰਤੱਖ ਨਜ਼ਾਰੇ ਸਾਕਾਰ ਹੋ ਗਏ ਹੋਣ। ਸਤਿਗੁਰਾਂ ਦੇ ਪਵਿਤਰ ਮੁਖਾਰਬਿੰਦ 'ਚੋਂ ਕਿਵੇਂ ਅੰਮ੍ਰਿਤਮਈ, ਫੁੱਲਾਂ ਵਰਗੇ ਸ਼ਬਦ ਦੀ ਵਰਖਾ ਸਹਿਜ ਸਭਾਅ ਹੀ ਹੁੰਦੀ ਤੁਰੀ ਜਾਂਦੀ ਸੀ। ਕਿਤੇ ਕੋਈ ਅਟਕਾ ਨਹੀਂ, ਰੁਕਾਵਟ ਨਹੀਂ, ਕਿਤੇ ਕੁਝ ਸੋਚਣ ਲਈ ਅਟਕਣ ਨਹੀਂ ਇਕ ਪਿਛੋਂ ਦੂਸਰੀ, ਤੀਸਰੀ, ਇਤਿਹਾਸਕ ਗੱਲਾਂ, ਗੁਰਬਾਣੀ ਦੀਆਂ ਟੂਕਾਂ ਸਭ ਕੁਝ ਇਕਰਸ ਹੋ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੰਦੀਆਂ ਸਨ। ਤੇ ਇਸ ਸਮੇਂ ਦੇ ਸੁਭਾਗੇ ਸਮੇਂ ਦਾ ਲਾਭ ਉਠਾਦਿਆਂ ਹੋਇਆ ਬੈਂਕਾਕ ਦੀਆਂ ਸੰਗਤਾਂ ਵਿੱਚ ਸੁਚੱਜੇ ਪ੍ਰਬੰਧਕਾਂ ਨੇ, ਸ਼ਰਧਾ ਪੂਰਵਕ ਸਤਿਗੁਰਾਂ ਦੇ ਬਚਨਾਂ/ ਉਦੇਸ਼ਾਂ ਦਾ ਜਿਉਂ ਦਾ ਤਿਉਂ ਉਤਾਰਾ ਕਰ ਲਿਆ ਟੇਪ ਰੀਕਾਰਡ 'ਤੇ, ਭਾਰਤ ਵਿੱਚ ਇਹ ਆਵਾਜ਼ ਨੂੰ ਰੀਕਾਰਡ ਕਰਨ ਦੀ ਸੁਵਿਧਾ ਅਜੇ ਪ੍ਰਾਪਤ ਨਹੀਂ ਸੀ, ਪਰ ਬੈਂਕਾਕ ਵਿੱਚ ਉਪਲਬਧ ਹੋ ਚੁੱਕੀ ਸੀ ਅਤੇ ਇਸ ਤਰ੍ਹਾਂ ਇਹ ਅਣਮੁਲਾ ਖਜ਼ਾਨਾ ਹੱਥ ਆ ਗਿਆ ਨਾਮਧਾਰੀ ਦਰਬਾਰ ਦੇ, ਕਈ ਵਾਰ ਇਹ ਦੀਵਾਨਾਂ ਵਿੱਚ ਸੁਣਾਈਆਂ ਵੀ ਜਾਂਦੀਆਂ ਰਹੀਆਂ ਹਨ।

ਤੇ ਫਿਰ ਅਟੱਲ ਪ੍ਰਤਾਪੀ ਹਾਜ਼ਰਾ ਹਜ਼ੂਰ ਸਮੇਂ ਦੇ ਮਾਲਕ



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਕ੍ਰਿਪਾ ਕੀਤੀ ਅਤੇ ਇਨ੍ਹਾਂ ਟੇਪ ਰੀਕਾਰਡਿਡ ਬਚਨਾਂ/ਉਪਦੇਸ਼ਾਂ 'ਚੋਂ ਕੁਝ ਕੁ ਵਿਅਕਤੀਗਤ ਰੂਪ ਵਿਚ ਅੱਖਰਾਂ ਦੇ ਸਵਰੂਪ ਬਖਸ਼ਿਆ ਅਤੇ ਕੁਝ ਕੁ ਨੂੰ ਆਪਣੇ ਸੇਵਕਾਂ ਦੁਆਰਾ ਲਿਖਵਾ ਕੇ ਇਕ ਵੱਡ-ਆਕਾਰੀ ਪੁਸਤਕ ਰਚਨਾ ਦਾ ਮੁੱਢ ਬੰਨ੍ਹਿਆ। ਇਹ ਪੁਸਤਕ ਹੁਣ ਪੰਜ ਭਾਗਾਂ ਵਿੱਚ ਛਪ ਰਹੀ ਹੈ। ਇਸ ਦਾ ਨਾਮ ਰਖਿਆ ਗਿਆ ਹੈ "ਲਾਲ ਏਹਿ ਰਤਨ", ਜੋ ਸੁਖਮਨੀ ਸਾਹਿਬ ਦੀ ਅੰਤਲੀ ਅਸ਼ਟਪਦੀ ਦੇ ਇਨ੍ਹਾਂ ਵਾਕਾਂ ਤੇ ਅਧਾਰਿਤ ਹੈ– "ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ ॥" ਇਸ ਪੁਸਤਕ ਦਾ ਸੰਪਾਦਨ ਕਰ ਰਹੀ ਹੈ ਪ੍ਰਿੰਸੀਪਲ ਸਾਹਿਬਾ ਬੀਬੀ ਬੇਅੰਤ ਕੌਰ ਜੀ। ਇਸ ਪੁਸਤਕ 'ਲਾਲ ਏਹਿ ਰਤਨ' ਦਾ ਪਹਿਲਾ ਭਾਗ ੧੯੯੫ ਵਿੱਚ ਛਪਿਆ ਸੀ। ਜਿਸਨੂੰ ਸ੍ਰੀ ਭੈਣੀ ਸਾਹਿਬ ਦੇ ਹੋਲੇ ਮਹੱਲੇ ਦੇ ਦੀਵਾਨ ਵਿੱਚ ਸਤਿਗੁਰਾਂ ਦੀ ਹਜ਼ੂਰੀ ਵਿੱਚ ਪੰਜਾਬ ਦੇ ਉਸ ਵਕਤ ਦੇ ਸਪੀਕਰ ਪੰਜਾਬ ਵਿਧਾਨ ਸਭਾ–ਸ੍ਰੀ ਹਰਨਾਮ ਦਾਸ ਜੀ ਦੇ ਕਰ ਕੰਵਲਾਂ ਦੁਆਰਾ ਰੀਲੀਜ਼ ਕੀਤਾ ਗਿਆ ਸੀ। ਦੂਸਰਾ ਭਾਗ ਹੁਣੇ ਹੁਣੇ ਛਪ ਕੇ ਤਿਆਰ ਹੋਇਆ ਹੈ ਤੇ ਆਸ ਕੀਤੀ ਜਾਂਦੀ ਹੈ ਕਿ ਬਾਕੀ ਦੇ ਤਿੰਨ ਭਾਗ ਵੀ ਛੇਤੀ ਹੀ ਸੰਗਤਾਂ ਤੱਕ ਪੁਜ ਜਾਣਗੇ।

ਵਿਚਾਰ ਅਧੀਨ ਪੁਸਤਕ ਦੀ ਸੰਪਾਦਿਕਾ ਬੀਬੀ ਬੇਅੰਤ ਕੌਰ ਜੀ ਪ੍ਰਿੰਸੀਪਲ, ਨਾਮਧਾਰੀ ਸਮਾਜ ਵਿੱਚ ਕਿਸੇ ਜਾਣ ਪਹਿਚਾਣ ਦੀ ਮੁਹਤਾਜ ਨਹੀਂ। ਉਨ੍ਹਾਂ ਦੀਆਂ ਰਚੀਆਂ ਕਈ ਪੁਸਤਕਾਂ ਨਾਮਧਾਰੀ ਸਮਾਜ ਵਿੱਚ ਪ੍ਰਸਿੱਧੀ ਦੀ ਟੀਸੀ ਛੋਹ ਚੁਕੀਆਂ ਹਨ। ਇਨ੍ਹਾਂ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਨਾਮਧਾਰੀ ਹੋਲੇ, ਅਤੇ ਸ਼ਹੀਦ ਪੱਤ੍ਰਕਾਵਾਂ ਦੇ ਨਾਮ ਵਿਸ਼ੇਸ਼ ਤੌਰ ਤੇ ਲਏ ਜਾ ਸਕਦੇ ਹਨ। ਹੁਣੇ ਹੁਣੇ ਉਨ੍ਹਾਂ ਦੀਆਂ ਦੋ ਹੋਰ ਪੁਸਤਕਾਂ ਛਪ ਕੇ ਤਿਆਰ ਹੋਈਆਂ ਹਨ ਜਿਨ੍ਹਾਂ ਵਿਚਲੇ ਬਾਰਾ ਮਾਹ, ਮਾਝ ਮਹਲਾ ੫, ਬਾਰਾ ਮਾਹ ਰਾਗ ਤੁਖਰੀ ਅਤੇ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਰਚਿਤ ਦਸਮ ਗ੍ਰੰਥ ਵਿਚਲੇ ਦੋ ਬਾਰਾ ਮਾਹ ਦੇ ਵਿਸ਼ਲੇਸ਼ਨ ਅਜ ਕੱਲ੍ਹ ਵਿਦਵਾਨਾਂ ਦੀ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਪ੍ਰਿੰਸੀਪਲ ਬੇਅੰਤ ਕੌਰ ਜੀ ਕਿਉਂਕਿ ਵਿਦਿਅਕ ਸੰਸਥਾਵਾਂ ਨਾਲ ਜੁੜੇ ਰਹੇ ਹਨ, ਇਸ ਲਈ ਉਨ੍ਹਾਂ ਨੂੰ ਭਾਸ਼ਾ ਵਿਗਿਆਨ ਤੇ ਕਾਫ਼ੀ ਅਬੂਰ ਹਾਸਿਲ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਨੂੰ 'ਲਾਲ ਏਹਿ ਰਤਨ' ਪੁਸਤਕ ਦੇ ਮਸੌਦੇ ਨੂੰ ਸੀਹ ਵਿਸਰਾਮ ਚਿੰਨ੍ਹਾਂ ਨਾਲ ਇਸ ਤਰ੍ਹਾਂ ਸ਼ਿੰਗਾਰ ਦਿਤਾ ਹੈ ਕਿ ਪਾਠਕ ਪੜ੍ਹਦੇ ਸਮੇਂ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਹ ਸੱਚਮੁਚ ਹੀ ਦੀਵਾਨ ਵਿੱਚ ਬੈਠਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁਖਾਰਬਿੰਦ ਤੋਂ ਹੋ ਰਹੇ ਪ੍ਰਵਚਨਾਂ ਦਾ ਆਨੰਦ ਮਾਣ ਰਿਹਾ ਹੋਵੇ, ਵਿਸਰਾਮ ਚਿੰਨ੍ਹਾਂ ਦੇ ਅਟਕਾਵਾਂ ਨਾਲ ਭਾਸ਼ਾ ਦਾ Dialect ਹੂ-ਬਹੂ ਉਸੇ ਤਰ੍ਹਾਂ ਦਾ ਹੋ ਗਿਆ ਹੈ ਜਿਸ ਤਰ੍ਹਾਂ ਦੀ ਭਾਸ਼ਾ ਸਤਿਗੁਰੂ ਜੀ ਬੋਲਿਆ ਕਰਦੇ ਸਨ। ਠੀਕ ਉਸੇ ਤਰ੍ਹਾਂ ਦੀ ਬੋਲੀ ਦਾ ਆਨੰਦਮਈ ਰਸ ਮਾਣਦਾ ਹੋਇਆ ਪਾਠਕ ਪੁਸਤਕ ਦੇ ਪੰਨਿਆਂ ਵਿੱਚ ਗੜੂੰਦ ਜਿਹਾ ਹੋਇਆ ਰਹਿੰਦਾ ਹੈ, ਜਦ ਤਕ ਕਿ ਪੁਸਤਕ ਦੇ ਅਧਿਆਵਾਂ ਦਾ ਭੋਗ ਨਹੀਂ ਪੈ ਜਾਂਦਾ।

ਪੁਸਤਕ ਵਿੱਚ ਦਿਤੇ ਗਏ ਪ੍ਰਵਚਨਾਂ / ਉਦੇਸ਼ਾਂ ਵਿੱਚ ਜਿਥੇ ਜਿਥੇ ਦੂਜੀਆਂ ਇਤਿਹਾਸਕ ਪੁਸਤਕਾਂ ਅਥਵਾ ਗੁਰਬਾਣੀ ਦੀਆਂ ਤੁਕਾਂ ਆਈਆਂ ਹਨ, ਬੀਬੀ ਜੀ ਨੇ ਉਨ੍ਹਾਂ 'ਪੁਸਤਕਾਂ' ਜਿਵੇਂ ਕਿ ਆਦਿ ਗ੍ਰੰਥ, ਦਸਮ ਗ੍ਰੰਥ, ਵਾਰਾਂ ਅਤੇ ਕਬਿਤ, ਸਵੱਈਏ ਭਾਈ ਗੁਰਦਾਸ ਜੀ, ਗ਼ਜ਼ਲਾਂ ਭਾਈ ਨੰਦ ਲਾਲ ਜੀ, ਸੋਆ, ਸੌ ਸਾਖੀ, ਮੁਰਿਡ-ਨਾਮਾ ਗੁਰੂ ਗੋਬਿੰਦ ਸਿੰਘ ਜੀ, ਜਨਮ ਸਾਖੀ ਭਾਈ ਬਾਲਾ ਅਤੇ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ ਆਦਿ ਪੁਸਤਕਾਂ ਨੂੰ ਬੜੀ ਮਿਹਨਤ ਨਾਲ ਸੋਧ ਕੇ ਸਹੀ ਹਵਾਲਿਆ ਸੰਗ ਦਿੱਤਾ ਹੈ। ਇਥੇ ਹੀ ਬਸ ਨਹੀਂ, ਔਖੇ ਸ਼ਬਦਾਂ ਦੇ ਅਰਥ ਦੇ ਕੇ, ਅਤੇ ਪ੍ਰਾਚੀਨ ਜੁਗਾਂ ਦੀ ਗਿਣਤੀ ਆਦਿ ਨਾਲ ਸ਼ਿੰਗਾਰ ਕੇ ਪਾਠਕਾਂ ਲਈ ਹੋਰ ਆਸਾਨੀ ਪੈਦਾ ਕਰ ਦਿੱਤੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਤਾਂ ਸਰਬ ਸਾਂਝੇ ਸਨ ਤੇ ਮਾਨਵਤਾ ਲਈ ਸਨ ਉਨ੍ਹਾਂ ਦੇ ਸਰਬ ਸਾਂਝੇ ਉਪਦੇਸ਼। "ਸਭੇ ਸਾਂਝੀਵਾਲ ਸਦਾਇਨ ਕੋਈ ਕਾ ਦਿਸੇ ਬਾਹਰਾ ਜੀਓ" ਸੀ ਉਨ੍ਹਾਂ ਦਾ ਆਦਰਸ਼। ਤਾਂਹੀਓ ਤਾਂ ਉਹ ਕਿਹਾ ਕਰਦੇ ਸਨ, "ਸਾਨੂੰ ਆਪਣੀ ਮਨੁਖਤਾਈ ਵਲ ਧਿਆਨ ਦੇਣ ਦੀ ਲੋੜ ਹੈ। ਇਥੇ ਇਹ ਨਹੀਂ ਗੱਲ ਬਈ–ਇਹ ਅਕਾਲੀ ਹੈ, ਸਿੰਘ ਸਭੀਆ ਹੈ, ਕੂਕਾ ਹੈ, ਹੈ ਸਭ ਕੁਝ–ਰਹੇ। ਔਰਤ ਆਪਣੇ ਪਤੀ ਨੂੰ ਜਾਣਦੀ ਹੋਈ ਹਰ ਇੱਕ ਦੀ ਸੇਵਾ ਚਾਚਾ, ਬਾਬਾ, ਦਿਉਰ, ਜੇਠ, ਭਰਾ, ਪੁੱਤਰ, ਜਾਣ ਕੇ ਕਰ ਸਕਦੀ ਹੈ, ਬੇਸ਼ਕ ਆਪਣੇ ਪਤੀ ਨੂੰ ਮੰਨੇ। ਇਹ ਮੈਂ ਕਦੇ ਨਹੀਂ ਕਿਸੇ ਨੂੰ ਕਹਿਣ ਲਈ ਤਿਆਰ ਕਿ ਆਪਣਾ ਈਮਾਨ ਕੋਈ ਵੇਚੇ, ਜਿਥੇ ਕਿਥੇ ਦਾ ਹੈ ਉਥੇ ਰੱਖੇ। ਕਿਸੇ ਨੂੰ ਕੋਈ ਚੀਜ਼ ਚੰਗੀ ਲਗਦੀ ਹੈ, ਬੇਸ਼ਕ ਦੂਸਰੀ ਲਵੇ, ਲੇਕਿਨ ਮੱਲੋ ਮੱਲੀ ਨਹੀਂ। ਕਿਸੇ ਨਾਲ ਕੋਈ ਗਰਜ਼ ਨਹੀਂ, ਲੇਕਿਨ ਮਨੁੱਖਤਾ ਦੇ ਨਾਤੇ ਨਾਲ ਤੁਹਾਡਾ ਇਹ ਹੱਕ ਹੈ ਗੁਰੂ ਨੇ ਤੁਹਾਡੇ ਤੇ ਕ੍ਰਿਪਾ ਕੀਤੀ ਹੈ। (ਸਫਾ ੫੮), ਤੁਸੀਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ, ਗੁਰੂ ਨਾਨਕ ਦੇ ਕਹਾਉਂਦੇ ਹੋ। ਤੇਰੇ ਭਾਣੇ ਸਰਬਤ ਦਾ ਭਲਾ ਫੇਰ ਨਾਮਧਾਰੀ ਗੁਰੂ ਰਾਮ ਸਿੰਘ ਦੇ, ਇਸ ਗੱਲ 'ਚ ਕੋਈ ਫਰਕ ਨਹੀਂ। ਜਿਥੋਂ ਤਕ ਕਿਸੇ ਦੀ ਮਰਜ਼ੀ ਹੈ ਕੋਈ ਮੰਨੇ। ਸਾਨੂੰ ਇਸ ਗੱਲ ਨਾਲ, ਕਿਸੇ ਨਾਲ ਕੋਈ ਜਿਦ ਨਹੀਂ ਜਿਥੇ ਮੰਨਦੇ ਹੋ, ਉੱਥੇ ਮੰਨੋ ਪਰ ਜਿਹੜਾ ਮੰਨਦੇ ਹੋ, ਸਿਧਾਂਤ ਤੇ ਸਾਰਿਆਂ ਤੇ ਇਕੋ ਹੈ। (ਸਫਾ ੫੮-੫੯)। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਟੂਕਾਂ ਹਨ ਪੁਸਤਕ ਵਿੱਚ, ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਜੀ ਵਿਚਾਰਾਂ ਨੂੰ ਪ੍ਰਗਟਾਉਂਦੀਆਂ ਹਨ। ਪੁਸਤਕ ਮੂਲ ਰੂਪ ਵਿਚ ਬਹੁਤ ਹੀ ਵਧੀਆ ਕਾਗਜ਼ ਵਧੀਆ ਤੇ ਛਪਾਈ ਅਤੇ ਖੂਬਸੂਰਤ ਜਿਲਦਬੰਦੀ ਨਾਲ ਤਿਆਰ ਹੋਈ ਹੈ। ਮੁੱਖ ਸਫੇ


Sri Satguru Jagjit Singh Ji eLibrary NamdhariElibrary@gmail.com

ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਿੰਨ-ਰੰਗੀ ਪ੍ਰਭਾਵਸ਼ਾਲੀ ਤਸਵੀਰ ਪੁਸਤਕ ਦੀ ਦਿੱਖ ਨੂੰ ਚਾਰ ਚੰਨ ਲਾ ਰਹੀ ਹੈ। ਭਾਵੇਂ ਦਿਨੋ ਦਿਨ ਵਧਦੀ ਮਹਿੰਗਾਈ ਨੂੰ ਵੇਖਦਿਆਂ ਮੋਖ ਬਹੁਤ ਜ਼ਿਆਦਾ ਨਹੀਂ ਫਿਰ ਵੀ ਇਹ ਡਰ ਭਾਸਦਾ ਹੈ ਕਿ ਪੁਸਤਕ ਆਮ ਹੱਥਾਂ ਤੱਕ ਪਹੁੰਚਣ ਦੀ ਬਜਾਏ ਕੁਝ ਅਮੀਰ ਸ਼ਰਧਾਲੂਆਂ ਅਤੇ ਲਾਇਬ੍ਰੇਰੀਆਂ ਦੀ ਅਲਮਾਰੀਆਂ ਦਾ ਸ਼ਿੰਗਾਰ ਹੀ ਨਾ ਬਣ ਕੇ ਰਹਿ ਜਾਏ, ਇਸ ਲਈ ਮੇਰੇ ਇਹ ਨਿਜੀ ਵਿਚਾਰ ਹਨ ਕਿ ਨਾਮਧਾਰੀ ਪੰਥ ਦੇ ਪ੍ਰਤਿਨਿਧ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਇਸ ਪੁਸਤਕ ਦੇ ਅਧਿਆਵਾਂ ਨੂੰ ਨਿੱਕੇ ਨਿੱਕੇ ਟ੍ਰੈਕਟਾਂ ਦੇ ਰੂਪ ਵਿੱਚ ਛਾਪ ਕੇ ਕੇਵਲ ਹਰ ਨਾਮਧਾਰੀ ਤਕ ਹੀ ਨਹੀਂ ਸਗੋਂ ਹਰ ਮਨੁੱਖ-ਮਾਤਰ ਤਕ ਸਸਤੇ ਸਾਹਿਤ ਦੇ ਰੂਪ ਵਿੱਚ ਪਹੁੰਚਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਕਿ ਸੰਸਾਰ ਦੇ ਲੋਕਾਂ ਨੂੰ ਇਹ ਪਤਾ ਲਗ ਸਕੇ ਕਿ ਨਾਮਧਾਰੀ ਪੰਥ ਜਿਸਨੂੰ "ਕੂਕੇ ਬੜੇ ਕਸੂਤੇ, ਗੜਵੀ ਨਾ ਦਿੰਦੇ ਨਹਾਉਣ ਨੂੰ", ਕਹਿਕੇ ਦੂਜੀਆਂ ਸੰਸਥਾਵਾਂ ਵਲੋਂ ਭੰਡਿਆ ਜਾਂਦਾ ਰਿਹਾ ਹੈ, ਅਸਲ ਵਿਚ ਉਨ੍ਹਾਂ ਦੇ ਗੁਰੂਆਂ ਦੇ ਵਿਚਾਰ ਕਿੰਨੇ ਮਾਨਵਵਾਦੀ, ਭਾਈਚਾਰਕ ਅਤੇ ਮਿਲਨਸਾਰ ਰੰਗ ਦੇ ਹਨ।

ਡਾ. ਹਰਭਜਨ ਸਿੰਘ ਜੀ ਦੇ ਵਿਚਾਰਾਂ ਅਨੁਸਾਰ ਇਹ ਪੁਸਤਕ, "ਸ਼ੁਭ ਵਿਚਾਰਾਂ ਦਾ ਇਹ ਸਮੁੰਦਰ ਹੈ, ਕਿਤੋਂ ਵੀ ਚੂਲੀ ਭਰ ਲਵੋ, ਤੁਹਾਡੇ ਹੱਥ ਵਿੱਚ ਨਿਰਮਲ ਜਲ ਹੀ ਆਵੇਗਾ, ਪ੍ਰਦੂਸ਼ਨ ਦਾ ਇਸ ਵਿਚ ਕੋਈ ਤਤ ਨਹੀਂ... ਮੈਂ ਨਿਸੰਗ ਕਹਿੰਦਾ ਹਾਂ ਕਿ ਜੋ ਕੋਈ ਵੀ ਇਨ੍ਹਾਂ ਬਚਨਾਂ ਨੂੰ ਪੜ੍ਹੇਗਾ ਉਹ ਆਪਣੇ ਆਪ ਨੂੰ ਗੁਰਬਾਣੀ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਮਹਿਸੂਸ ਕਰੇਗਾ। ਉਸਨੂੰ ਆਪਣੇ ਅੰਦਰ ਬਾਣੀਕਾਰ ਗੁਰੂਆਂ ਦੀਆਂ ਗੂੰਜਾਂ ਪ੍ਰਤੀਤ ਹੋਣਗੀਆਂ। ਉਹ ਵੀ ਆਪਣੇ ਆਪ ਵਿੱਚ ਬੜੀ ਉਪਲਭਦੀ ਹੈ। ਇਸ ਨਾਲ ਪੜ੍ਹਨ ਵਾਲੇ ਨੂੰ ਆਪਣੇ ਅੰਦਰ ਚਰਿੱਤਰ ਦੀ ਡੂੰਘਾਈ ਮਹਿਸੂਸ ਹੋਵੇਗੀ। ਉਸਨੂੰ ਗੁਰਸਿਖੀ ਦਾ ਅਨੇਕ-ਪੱਖੀ ਗਿਆਨ ਅਤੇ ਅਨੁਭਵ ਪ੍ਰਦਾਨ ਹੋਵੇਗਾ।"

ਡਾ. ਹਰਭਜਨ ਸਿੰਘ ਜੀ ਦੇ ਇਨ੍ਹਾਂ ਉਸਤਤੀ ਸ਼ਬਦਾਂ ਨਾਲ, ਮੈਂ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦੀ ਇਸ ਪੁਸਤਕ ਨੂੰ ਸਾਹਿਤਕ ਦੁਨੀਆਂ ਵਿੱਚ ਜੀ ਆਇਆਂ ਕਹਿਣ ਦੀ ਖੁਸ਼ੀ ਪ੍ਰਤੀਤ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਤਿਗੁਰ ਸੱਚੇ ਪਾਤਸ਼ਾਹ ਬੀਬੀ ਬੇਅੰਤ ਕੌਰ (ਪ੍ਰਿੰਸੀਪਲ) ਅਤੇ ਉਨ੍ਹਾਂ ਦੇ ਸਹਿਯੋਗੀ ਸ: ਸੰਤ ਸਿੰਘ ਜੀ ਨੂੰ ਜਿਨ੍ਹਾਂ ਨੇ ਪੁਸਤਕ ਦੀ ਤਿਆਰੀ ਵਿਚ ਬਹੁਤ ਹੱਥ ਵਟਾਇਆ ਹੈ, ਨੂੰ ਦੀਰਘ ਅਤੇ ਤੰਦਰੁਸਤ ਆਯੂ ਬਖਸ਼ੇ, ਤਾਂ ਕਿ ਉਹ ਆਉਂਦੇ ਸਮੇਂ ਵਿੱਚ ਹੋਰ ਵੀ ਅਜਿਹੀਆਂ ਸਮਾਜ ਸੇਵੀ ਪੁਸਤਕਾਂ ਦੀ ਰਚਨਾ ਕਰਕੇ ਦੇਸ਼ ਅਤੇ ਕੌਮ ਦੀ ਸਹੀ ਰੂਪ ਵਿਚ ਸੇਵਾ ਕਰ ਸਕਣ।

✡

## ਸ੍ਰ. ਜਗਦੀਸ਼ ਸਿੰਘ ਵਰਿਆਮ ਅਫਰੀਕਾ ਵਿੱਚ

ਨਵੰਬਰ ੧੯੯੯ ਦੀ ੨੭ ਤਰੀਕ ਨੂੰ ਸ੍ਰ. ਜਗਦੀਸ਼ ਸਿੰਘ 'ਵਰਿਆਮ' ਦਿੱਲੀ ਤੋਂ ਹੁੰਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਦੱਖਣੀ ਅਫਰੀਕਾ ਗਏ ਹੋਏ ਹਨ। ਯਾਦ ਰਹੇ ਕਿ ਸੱਚੇ ਪਾਤਸ਼ਾਹ ਜੀ ਨੇ ਦੱਖਣੀ ਅਫਰੀਕਾ ਦੇ ਸ਼ਹਿਰ ਕੈਪਟਾਊਨ ਵਿੱਚ ਵਿਸ਼ਵ ਦੇ ਧਾਰਮਿਕ ਆਗੂਆਂ ਦੀ ਇਕੱਤਰਤਾ (੧ ਦਸੰਬਰ ਤੋਂ ੭ ਦਸੰਬਰ ਤੱਕ) ਵਿੱਚ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਵਲੋਂ ਆਏ ਸੱਦਾ-ਪੱਤਰ ਨੂੰ ਪ੍ਰਵਾਨ ਕਰਦਿਆਂ, ਦੱਖਣੀ ਅਫਰੀਕਾ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਉਨ੍ਹਾਂ ਦੇ ਨਾਲ ਬਹੁਤ ਸਾਰੇ ਸੇਵਕ, ਪ੍ਰਚਾਰਕ, ਬੁਧੀਜੀਵੀ, ਰਾਜਨੀਤਕ ਆਗੂ, ਲੇਖਕ ਅਤੇ ਪੱਤਰਕਾਰ ਵੀ ਗਏ ਹੋਏ ਸਨ। ਸੰਪਾਦਕ 'ਵਰਿਆਮ' ਨੂੰ ਵੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਅਫਰੀਕਾ ਜਾਣ ਦਾ ਹੁਕਮ ਹੋਇਆ ਸੀ। ਸੰਪਾਦਕ ਸਾਹਿਬ ਦੇ ਨਾਲ ਉਨ੍ਹਾਂ ਦੀ ਧਰਮ-ਪਤਨੀ (ਸ੍ਰਦਾਰਨੀ ਬਖਸ਼ੀਸ਼ ਕੌਰ) ਵੀ ਗਏ ਹੋਏ ਹਨ।

## ਤੁਹਾਡੀ ਚਿੱਠੀ

ਦਸੰਬਰ ਅੰਕ ਮੇਰੇ ਸਨਮੁਖ ਹੈ। ਇਸ ਵਿਚ ਗਵਾਲੀਅਰ ਦੀ ਸਨਮਾਨ ਸੰਗੀਤਾਂਜਲੀ ਦੇ ਚਿੱਤਰ ਦੇਖਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਪੰਜਾਬ ਵਿਚ ਐਸੇ ਗੁਣੀ ਪੁਰਸ਼ ਅਜੇ ਮੌਜੂਦ ਹਨ, ਜਿਨ੍ਹਾਂ ਨੂੰ 'ਸਰੋਦ-ਘਰ' ਵਿਚ ਅਮਜਦ ਅਲੀ ਖਾਂ ਵਰਗੇ ਕਲਾਕਾਰ, ਨਮਸ਼ਕਾਰ ਕਰਕੇ ਬਹੁਤ ਪ੍ਰਸੰਨ ਹੁੰਦੇ ਹਨ। ਫ਼ੋਟੋ ਬਹੁਤ ਸੁੰਦਰ ਹਨ। ਵਧਾਈਆਂ ਕਬੂਲ ਕਰੋ। ਸ਼ਾਇਦ ਸ੍ਰੀ ਮਤੀ ਦਾ ਨਾਂ ਸੁਬਹ ਲਕਸ਼ਮੀ ਹੋਵੇਗਾ, ਮੈਂ ਭੁੱਲ ਵੀ ਸਕਦਾ ਹਾਂ।

—ਪਿਆਰਾ ਸਿੰਘ ਪਦਮ

ਕਲਾ ਮੰਦਿਰ, ਲੋਅਰ ਮਾਲ, ਪਟਿਆਲਾ।

ਆਪ ਜੀ ਵਲੋਂ ਭੇਜਿਆ ਮਾਸਕ ਪੱਤਰ ਵਰਿਆਮ ਲਗਾਤਾਰ ਪੁਜ ਰਿਹਾ ਹੈ। ਧੰਨਵਾਦ, ਬਹੁਤ ਹੀ ਸੁੰਦਰ ਤੇ ਖੋਜ-ਭਰੇ ਲੇਖਾਂ ਦਾ ਆਨੰਦ ਮਾਣੀਦਾ ਹੈ। ਮਹਾਰਾਜ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਪੜ੍ਹਕੇ ਸਮੇਂ ਦੇ ਇਤਿਹਾਸ ਤੇ ਸਿੱਖ ਸਮਾਜ ਦੀ ਉਸ ਸਮੇਂ ਦੀ ਅਧੋਗਤੀ ਦਾ ਵੇਰਵਾ ਮਿਲਦਾ ਹੈ।

—ਮਾਨ ਸਿੰਘ ਨਿਰੰਕਾਰੀ

ਚੰਡੀਗੜ੍ਹ

## ਪਾਠਕਾਂ ਨੂੰ ਜ਼ਰੂਰੀ ਬੇਨਤੀ

ਵਰਿਆਮ ਦੇ ਦੇਸ਼ ਅਤੇ ਵਿਦੇਸ਼ ਦੇ ਬਹੁਤ ਸਾਰੇ ਪਾਠਕਾਂ ਵੱਲੋਂ ਚੰਦੇ ਆਉਣੇ ਬਕਾਇਆ ਹਨ, ਸਾਡੀ ਬੇਨਤੀ ਹੈ ਕਿ ਬਕਾਇਆ ਚੰਦੇ ਜਲਦੀ ਤੋਂ ਜਲਦੀ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਵਿਸ਼ੇਸ਼ ਕਰਕੇ ਵਿਦੇਸ਼ 'ਚ ਰਹਿੰਦੇ ਪਾਠਕ ਇਸ ਗੱਲ ਵੱਲ ਧਿਆਨ ਦੇਣ ਤਾਂ ਕਿ ਪਰਚਾ ਉਨ੍ਹਾਂ ਦੀ ਸੇਵਾ 'ਚ ਪੁੱਜਦਾ ਰਹੇ।

—ਮੈਨੇਜਰ



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਮਾਤਾ ਮਹਿੰਦਰ ਕੌਰ ਭਮਰਾ ਸਵਰਗਵਾਸ



ਟਰੌਂਟੋ, ਕਨੇਡਾ ਦੇ ਵਸਨੀਕ, ਸ੍ਰੀ ਮਾਤਾ ਮਹਿੰਦਰ ਕੌਰ ਜੀ ਭਮਰਾ—ਸੁਪਤਨੀ ਸਵਰਗਵਾਸੀ ਮਿਸਤਰੀ ਸੰਤੋਖ ਸਿੰਘ ਜੀ ਭਮਰਾ (ਪਿੰਡ ਹੱਲੂਵਾਲ, ਨੇੜੇ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ) ਅਤੇ ਸੰਤ ਵਾਸਦੇਵ ਸਿੰਘ ਜੀ ਭਮਰਾ, ਪ੍ਰਚਾਰ ਸਕੱਤਰ ਨਾਮਧਾਰੀ ਸੰਗਤ, ਵੁਲਵਰਹੈਂਪਟਨ ਯੂ.ਕੇ. ਅਤੇ ਸੰਤ ਰੇਸ਼ਮ ਸਿੰਘ ਭਮਰਾ (ਮਸਤਾਨਾ-ਟਰੌਂਟੋ ਨਿਵਾਸੀ) ਦੇ ਮਾਤਾ ਜੀ—ਕੁਝ ਕੁ ਦਿਨ ਬਿਮਾਰ ਰਹਿਣ ਤੋਂ ਬਾਦ ੧੨ ਅਕਤੂਬਰ ੧੯੯੯ ਦਿਨ ਮੰਗਲਵਾਰ ਸਵੇਰੇ ੯.੨੫ ਤੇ ਦਿਲ ਦੀ ਧੜਕਣ ਬੰਦ ਹੋਣ ਕਰਕੇ ਸਦੀਵੀ ਵਿਛੋੜਾ ਦੇ ਗਏ। ਇਸ ਸਮੇਂ ਉਨ੍ਹਾਂ ਦੀ ਆਯੂ ੭੮ ਵਰ੍ਹਿਆਂ ਦੀ ਸੀ। ਸੰਤ ਵਾਸਦੇਵ ਸਿੰਘ ਜੀ ਭਮਰਾ ਅਤੇ ਉਨ੍ਹਾਂ ਦੇ ਘਰੋਂ ਬੀਬੀ ਚਰਨ ਕੌਰ ੧-੧੦-੯੯ ਨੂੰ ਵਲੈਤ ਤੋਂ ਟਰੌਂਟੋ ਪਹੁੰਚੇ।

ਮਾਤਾ ਜੀ ਦਾ ਜਨਮ ੩ ਸਤੰਬਰ ਸੰਨ ੧੯੨੧ ਵਿਚ ਸ. ਅਤਰ ਸਿੰਘ ਜੀ ਪਲਾਹਾ ਤੇ ਮਾਤਾ ਮਨਸ ਕੌਰ ਦੇ ਗ੍ਰਿਹ, ਬਸੀ ਗੁਲਾਮ ਹੁਸੈਨ, ਜ਼ਿਲਾ ਹੁਸ਼ਿਆਰਪੁਰ ਵਿਖੇ ਹੋਇਆ। ਇਨ੍ਹਾਂ ਦਾ ਵਿਆਹ ਸੰਨ ੧੯੩੭ ਵਿਚ ਸਨਾਤਨ ਰੀਤੀ ਨਾਲ ਸ. ਸੰਤੋਖ ਸਿੰਘ ਭਮਰਾ ਸਪੁਤਰ ਸ. ਵਰਯਾਮ ਸਿੰਘ ਸਿੰਘ ਜੀ ਨਾਲ ਕੀਤਾ ਗਿਆ। ੧੯੪੩ ਵਿਚ ਮਾਤਾ ਜੀ ਨੈਰੋਬੀ, ਕੇਨੀਆ ਈਸਟ ਅਫਰੀਕਾ ਵਿਚ ਪ੍ਰਵਾਰ ਸਮੇਤ ਆ ਗਏ। ਮਿਸਤਰੀ ਸੰਤੋਖ ਸਿੰਘ ਨੈਰੋਬੀ ਪਹਿਲਾਂ ਰੇਲਵੇ ਵਿਚ ਸਰਵਿਸ ਕਰਦੇ ਸਨ। ਬਾਅਦ ਵਿਚ ਬਿਲਡਿੰਗ ਫੋਰਮੈਨ ਦਾ ਕੰਮ ਸਾਲਾਂ ਬੱਧੀ ਕਰਦੇ ਰਹੇ। ਨੈਰੋਬੀ ਦੀਆਂ ਕਈ ਪ੍ਰਸਿੱਧ ਇਮਾਰਤਾਂ ਇਨ੍ਹਾਂ ਦੀ ਦੇਖ-ਰੇਖ ਵਿਚ ਉਸਾਰੀਆਂ ਗਈਆਂ। ਸਿੱਖ ਭਾਈਚਾਰੇ ਅਤੇ ਖਾਸ ਕਰਕੇ ਰਾਮਗੜ੍ਹੀਆ ਕੌਮ ਵਿਚ ਹਰਮਨ ਪਿਆਰੇ ਅਤੇ ਸਤਿਕਾਰੇ ਹੋਏ ਵਿਅਕਤੀ ਸਨ। ਉਨ੍ਹਾਂ ਦਾ ਦਿਹਾਂਤ ੨੦ ਅਪ੍ਰੈਲ ੧੯੮੬ ਨੂੰ ਨੈਰੋਬੀ ਵਿਖੇ ਹੋਇਆ।

੧੯੮੮ ਵਿਚ ਮਾਤਾ ਮਹਿੰਦਰ ਕੌਰ ਜੀ ਯੂ.ਕੇ. ਹੁੰਦੇ ਹੋਏ ਆਪਣੇ ਛੋਟੇ ਸਪੁਤਰ ਰੇਸ਼ਮ ਸਿੰਘ ਭਮਰਾ (ਮਸਤਾਨਾ) ਜੀ ਪਾਸ ਟਰੌਂਟੋ, ਕਨੇਡਾ ਪਹੁੰਚ ਗਏ, ਜਿਥੇ ਆਪ ਜੀ ਨੇ ਨਾਮਧਾਰੀ ਸੰਗਤ ਦੀ ਵੱਧ ਚੜ੍ਹਕੇ ਸੇਵਾ ਕੀਤੀ।

**ਗੁਰਮੰਤਰ ਦੀ ਦਾਤ**

ਸਾਹਿਬ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਹਿਲੇ ਅਫਰੀਕਾ ਦੇ ਦੌਰੇ ਸਮੇਂ ਸੰਨ ੧੯੫੩ ਜਿਥੇ ਹਜ਼ਾਰਾਂ ਦੀ ਗਿਣਤੀ ਸੰਗਤਾਂ ਨੇ ਨਾਮ ਦੀ ਦਾਤ ਹਾਸਲ ਕੀਤੀ ਅਤੇ ਮਾਸ ਸ਼ਰਾਬ ਨੂੰ ਤਿਆਗਿਆ, ਉਦੋਂ ਮਾਤਾ ਜੀ ਨੇ ਵੀ ਪਰਿਵਾਰ ਸਹਿਤ ਗੁਰਮੰਤਰ ਦੀ ਦਾਤ ਲਈ ਅਤੇ ਸਤਿਗੁਰਾਂ ਦੀ ਚਰਨ ਛੋਹ ਪ੍ਰਾਪਤ ਕੀਤੀ। ਆਪ ਜੀ ਨੂੰ ਭਜਨ, ਪ੍ਰਸਿੱਧ ਸੂਬਾ ਸੰਤ ਦਸੌਂਧਾ ਸਿੰਘ ਜੀ ਨੇ ਬਖਸ਼ਿਆ।

**ਪ੍ਰਵਾਰ**

ਆਪ ਜੀ ਦੇ ਘਰ ੨ ਸਪੁਤਰ ਅਤੇ ੫ ਬੀਬੀਆਂ ਨੇ ਜਨਮ ਲਿਆ। ਮਾਤਾ ਜੀ ਦੇ ਵੱਡੇ ਸਪੁਤਰ ਸੰਤ ਵਾਸਦੇਵ ਸਿੰਘ ਭਮਰਾ ਵੁਲਵਰਹੈਂਪਟਨ ਯੂ.ਕੇ. ਵਿਚ ੧੯੬੪ ਤੋਂ ਨਿਵਾਸ ਰੱਖ ਰਹੇ ਹਨ। ਆਪ ਨਾਮਧਾਰੀ ਸੰਗਤ ਯੂ.ਕੇ. ਦੇ ਪ੍ਰਚਾਰ ਸਕੱਤਰ ਹੋਣ ਦੇ ਨਾਤੇ ਸਾਰੇ ਸਿੱਖ ਭਾਈਚਾਰੇ ਵਿਚ ਹਰਮਨ-ਪਿਆਰੇ ਵਿਅਕਤੀ ਗਿਣੇ ਜਾਂਦੇ ਹਨ। ਆਪ ਜੀ ਵੁਲਵਰਹੈਂਪਟਨ ਇਨਟਰ ਫੇਥ ਦੇ ਮੋਢੀ ਮੈਂਬਰ, ਪ੍ਰਧਾਨ ਅਤੇ ਹੁਣ ਦੇ ਮੀਤ ਪ੍ਰਧਾਨ ਵੀ ਹਨ।

ਸੰਤ ਰੇਸ਼ਮ ਸਿੰਘ ਭਮਰਾ ਮਸਤਾਨਾ ਜੀ ਪਹਿਲਾਂ ਅਫਰੀਕਾ ਤੋਂ ਵਲੈਤ ੧੯੬੨ ਵਿਚ ਆਏ। ੧੯੭੨ ਵਿਚ ਆਪ ਕਨੇਡਾ ਟਰੌਂਟੋ ਚਲੇ ਗਏ ਜਿਥੇ ਆਪ ਜੀ ਹੁਣ ਪਰਵਾਰ ਸਹਿਤ ਰਹਿ ਰਹੇ ਹਨ।

ਮਾਤਾ ਜੀ ਦੀਆਂ ੪ ਸਪੁਤਰੀਆਂ, ਰੇਸ਼ਮ ਕੌਰ, ਦਰਸ਼ਨ ਕੌਰ, ਦਵਿੰਦਰ ਕੌਰ ਅਤੇ ਪ੍ਰਮਿੰਦਰ ਕੌਰ ਪਰਿਵਾਰਾਂ ਸਮੇਤ ਟਰੌਂਟੋ ਵਿਚ ਰਹਿ ਰਹੀਆਂ ਹਨ। ਇਕ ਸਪੁਤਰੀ ਅੰਮ੍ਰਿਤ ਕੌਰ ਵੁਲਵਰਹੈਂਪਟਨ ਯੂ.ਕੇ. ਵਿਚ ਰਹਿ ਰਹੀ ਹੈ।

**ਗੁਰੂ ਘਰ ਦੇ ਪ੍ਰੇਮੀ ਤੇ ਨਿਤਨੇਮੀ**

ਮਾਤਾ ਜੀ ਗੁਰੂ ਘਰ ਦੇ ਬੜੇ ਪ੍ਰੇਮੀ ਤੇ ਨਾਮ ਬਾਣੀ ਦੇ ਨਿਤਨੇਮੀ ਅਤੇ ਸਤਿਗੁਰਾਂ ਤੇ ਪੂਰਨ ਸ਼ਰਧਾ ਰੱਖਣ ਵਾਲੇ ਸਨ। ਟਰੌਂਟੋ ਦੇ ਸਭ ਗੁਰੂ ਘਰਾਂ ਵਿਚ ਸ਼ਰਧਾ ਸਹਿਤ ਜਾਂਦੇ ਅਤੇ ਸੰਗਤਾਂ ਦੇ ਦਰਸ਼ਨ-ਸੇਵਾ ਕਰਨੀ ਆਪਣਾ ਪਰਮੋ ਧਰਮ ਸਮਝਦੇ।

**ਹਸਪਤਾਲ ਵਿਚ**

ਮਾਤਾ ਜੀ ਨੂੰ ਸਾਹ ਦੀ ਤਕਲੀਫ ਹੋ ਜਾਣ ਕਾਰਨ ਐਤਵਾਰ ੨੬ ਸਤੰਬਰ ੧੯੯੯ ਟਰੌਂਟੋ ਦੇ ਨੌਰਥ ਯੋਰਕ


Sri Satguru Jagjit Singh Ji eLibrary NamdhariElibrary@gmail.com

ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ ਜਿਥੇ ਆਪ ੧੬ ਦਿਨ ਤੱਕ ਜੇਰੇ ਇਲਾਜ ਰਹੇ। ੧੭ਵੇਂ ਦਿਨ ੧੨ ਅਕਤੂਬਰ ੧੯੯੯ ਨੂੰ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ।

**ਅੰਤਮ ਸੰਸਕਾਰ**

ਮਾਤਾ ਜੀ ਦੇ ਮ੍ਰਿਤਕ ਸਰੀਰ ਨੂੰ ੧੩-੧੦-੯੯ ਨੂੰ ਸਕਾਟ ਫਿਊਨਰਲ ਹੋਮ ਵਿਖੇ ਇਸ਼ਨਾਨ ਕਰਵੌਣ ਉਪਰੰਤ ੧੪-੧੦-੯੯ ਨੂੰ ਨਾਮ ਸਿਮਰਨ, ਬੁਧਵਾਰ ਸਵੇਰੇ ੧੦ ਵਜੇ ਤੋਂ ੧੧ ਵਜੇ ਤੱਕ ਅਤੇ ਕੀਰਤਨ ਅਰਦਾਸ ਤੋਂ ਬਾਦ ਮਾਤਾ ਜੀ ਦੇ ਸਰੀਰ ਨੂੰ ਅੰਤਮ ਸੰਸਕਾਰ ਲਈ ਮੈਡੋਵੇਲ ਕਰੀਮੇਟੋਰੀਅਮ ਨੂੰ ਕਾਰਾਂ ਦਾ ਕਾਫ਼ਲਾ ਰਵਾਨਾ ਹੋਇਆ।

**ਸ਼ਮਸ਼ਾਨ ਵਿਖੇ ਪਹਿਲੀ ਵਾਰ ਕੀਰਤਨ**

ਸ਼ਮਸ਼ਾਨ ਵਿਖੇ ਨਾਮਧਾਰੀ ਰੀਤੀ ਅਨੁਸਾਰ ਵਿਰਾਗਮਈ ਸ਼ਬਦ ਕੀਰਤਨ ਕੈਨੇਡਾ ਦੇ ਸੂਬਾ ਰੇਸ਼ਮ ਸਿੰਘ ਜੀ ਦੇ ਅਗਵਾਈ ਵਿਚ ਜਥੇਦਾਰ ਸੰਤ ਅਮਰ ਸਿੰਘ ਜੀ ਬਾਜਵਾ, ਸੰਤ ਵਾਸਦੇਵ ਸਿੰਘ ਭਮਰਾ ਅਤੇ ਹੋਰ ਸਮੂਹ ਟਰੋਂਟੋ ਨਿਵਾਸੀ ਸਾਧ ਸੰਗਤ ਨੇ ਮਿਲ ਕੇ ਢੋਲਕ ਛੈਣਿਆਂ ਅਤੇ ਖੜਤਾਲਾਂ ਸਹਿਤ ਕੀਤਾ। ਅੰਮ੍ਰਿਤ ਅਤੇ ਸਮੱਗਰੀ ਦੀ ਮਰਯਾਦਾ ਉਪਰੰਤ ਸੰਸਕਾਰ ਕਰ ਦਿਤਾ ਗਿਆ। ਇਸ ਸਮੇਂ ਮਾਤਾ ਜੀ ਦਾ ਸਮੂਹ ਪਰਿਵਾਰ ਰਿਸ਼ਤੇਦਾਰਾਂ ਤੇ ਬੇਅੰਤ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ। ਅਮਰੀਕਾ ਅਤੇ ਯੂ.ਕੇ. ਤੋਂ ਵੀ ਭਮਰਾ ਪ੍ਰਵਾਰ ਦੇ ਮੈਂਬਰ ਪੁਜੇ।

**ਭੋਗ ਸਨਿਚਰਵਾਰ ੨੩ ਅਕਤੂਬਰ ੧੯੯੯**

ਮਾਤਾ ਜੀ ਦੀ ਰੂਹ ਸ਼ਾਂਤੀ ਲਈ ਰੱਖੇ ਗਏ ਪਰਿਵਾਰ ਵਲੋਂ ਸਾਧਾਰਨ ਪਾਠ ਦਾ ਭੋਗ ਗੁਰਦਵਾਰਾ ਨਾਮਧਾਰੀ ਸੰਗਤ ਟਰੋਂਟੋ ਵਿਖੇ ਪਾਇਆ ਗਿਆ। ਰਾਗੀ ਅਮਰਜੀਤ ਸਿੰਘ ਜੀ ਦੇਹਰਾਦੂਨ ਵਾਲਿਆਂ ਦੇ ਮਨੋਹਰ ਕੀਰਤਨ ਤੋਂ ਬਾਦ ਮਾਤਾ ਜੀ ਨੂੰ ਸ਼ਰਧਾਂਜਲੀਆਂ ਪੇਸ਼ ਕੀਤੀਆਂ ਗਈਆਂ। ਸ਼ਰਧਾਂਜਲੀ ਦੇਣ ਵਾਲੇ ਸੂਬਾ ਰੇਸ਼ਮ ਸਿੰਘ ਜੀ, ਪ੍ਰਧਾਨ ਜਸਬੀਰ ਸਿੰਘ ਜੀ ਫਲੋਰਾ, ਸਕੱਤਰ ਰਵਿੰਦਰ ਸਿੰਘ ਜੀ, ਸੰਤ ਰਣਜੀਤ ਸਿੰਘ ਜੀ ਬਾਜਵਾ ਅਤੇ ਬੀਬੀ ਹਰਜਿੰਦਰ ਕੌਰ ਰਾਣੀ ਜੀ (ਕਵਿਤਾ) ਸਨ। ਉਪਰੰਤ ਗੁਰੂ ਕਾ ਲੰਗਰ ਅਤੇ ਜਲੇਬੀਆਂ ਵਰਤਾਈਆਂ ਗਈਆਂ।

ਸ੍ਰੀ ਭੈਣੀ ਸਾਹਿਬ ਤੋਂ ਟੈਲੀਫੋਨ ਰਾਹੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੀ ਨੇ ਮਾਤਾ ਜੀ ਦੇ ਸਪੁੱਤਰਾਂ ਸੰਤ ਵਾਸਦੇਵ ਸਿੰਘ ਤੇ ਸੁਪਤਨੀ ਚਰਨ ਕੌਰ ਅਤੇ ਸੰਤ ਰੇਸ਼ਮ ਸਿੰਘ ਤੇ ਸੁਪਤਨੀ ਇੰਦਰਜੀਤ ਕੌਰ ਅਤੇ ਬਾਕੀ ਸਾਰੇ ਪਰਿਵਾਰ ਨੂੰ ਭਾਣਾ ਮੰਨਣ ਅਤੇ ਨਾਮ ਜਪਣ ਦਾ ਉਦੇਸ਼ ਦਿੱਤਾ।

ਇਸ ਸਮੇਂ 500 ਰੁਪਏ 'ਵਰਿਆਮ' ਵਾਸਤੇ ਭੇਜੇ ਗਏ।

**ਸੂਬਾ ਰੇਸ਼ਮ ਸਿੰਘ ਟਰੋਂਟੋ ਕਨੇਡਾ**

***ਸ਼ਰਧਾਂਜਲੀ***

# ਸ. ਊਧਮ ਸਿੰਘ ਆਜਿਜ਼ ਨਹੀਂ ਰਹੇ

'ਸਤਿਜੁਗ' ਦੇ ਬਹੁਤ ਪੁਰਾਣੇ ਪਾਠਕ ਉਪਰਲੇ ਨਾਂ ਤੋਂ ਚੰਗੀ ਤਰ੍ਹਾਂ ਵਾਕਫ਼ ਹੋਣਗੇ। ਬਹੁਤ ਪਹਿਲਾਂ ਸਤਿਜੁਗ ਦੇ ਪੰਨਿਆਂ ਦਾ ਸ਼ਿੰਗਾਰ ਰਹੀ ਏ ਉਹਦੀ ਕਵਿਤਾ, ਪਰ ਹਾਲਾਤ ਨੇ ਬਾਦ ਵਿਚ ਉਸਨੂੰ ਆਪਣੇ ਪਰਦੇ ਹੇਠ ਲੁਕੋ ਲਿਆ। ਸਤਿਜੁਗ ਦੀਆਂ ਪੁਰਾਣੀਆਂ ਫ਼ਾਈਲਾਂ ਜੇ ਕਿਸੇ ਕੋਲ ਹੋਣ ਤਾਂ ਊਧਮ ਸਿੰਘ ਆਜਿਜ਼ ਦੀਆਂ ਕਵਿਤਾਵਾਂ ਤੇ ਰਚਨਾਵਾਂ ਵਿਚੋਂ ਉਹਦੀ ਪਰਪੱਕ ਕਾਵਿ-ਕਲਾ ਦੀ ਝਲਕ ਡੁਲ੍ਹ ਡੁਲ੍ਹ ਪੈਂਦੀ ਅਨੁਭਵ ਹੁੰਦੀ ਹੈ।

ਊਧਮ ਸਿੰਘ "ਆਜਿਜ਼" ਕਦੇ ਗੁਰਦਿੱਤ ਸਿੰਘ ਕੁੰਦਨ ਕਰਤਾਰ ਸਿੰਘ ਬਲੱਗਣ, ਗੁਰਦੇਵ ਸਿੰਘ ਮਾਨ ਵਰਗੇ ਪੰਜਾਬੀ ਦੇ ਉੱਘੇ ਕਵੀਆਂ ਦਾ ਲੰਗੋਟੀਆ ਯਾਰ ਸੀ। ਪਰ ਪਤਾ ਨਹੀਂ ਕਦੋਂ ਉਹ ਉਹਨਾਂ ਕਵੀਆਂ ਦੀ ਤੇਜ਼ ਚਲਦੀ ਗੱਡੀ ਵਿਚੋਂ ਅਛੋਪਲੇ ਹੀ ਉੱਤਰ ਗਿਆ ਤੇ ਬਿਲਕੁਲ ਇਕਾਂਤਵਾਸ ਇਖਤਿਆਰ ਕਰ ਲਿਆ। ਪਿੰਡ ਮੋਰੀ ਵਾਲਾ ਜ਼ਿਲ੍ਹਾ ਸਿਰਸਾ ਵਿਚ ਉਸ ਨੇ ਆਪਣੇ ਆਖਰੀ ਦਿਨ ਬਹੁਤ ਚੁੱਪ-ਚੁਪੀਤੇ ਬਿਤਾਏ। ਮੋਰੀ ਵਾਲਾ ਪਿੰਡ ਸਿਰਸਾ-ਦਿੱਲੀ ਮੇਨ ਰੋਡ ਤੇ ਸਥਿਤ ਹੈ। ਜਿਥੋਂ ਰਾਤ ਦਿਨ ਮੋਟਰਾਂ, ਕਾਰਾਂ, ਟਰੱਕ, ਟਰੈਕਟਰ ਤੇ ਹੋਰ ਬੜਾ ਕੁਝ ਬਹੁਤ ਸ਼ੋਰ ਕਰਦੇ ਲੰਘਦੇ ਹਨ। ਪਰ ਇਤਨਾ ਲਗਾਤਾਰ ਸ਼ੋਰ ਵੀ ਆਜਿਜ਼ ਦੀ ਚੁੱਪ ਨਹੀਂ ਤੋੜ ਸਕਿਆ ਤੇ ਆਖ਼ਰ ੩੧-੧੦-੯੯ ਨੂੰ ਉਹਦੀ ਚੁੱਪ ਸਦੀਵੀ ਚੁੱਪ ਵਿਚ ਬਦਲ ਗਈ।

੯-੧੧-੯੯ ਨੂੰ "ਆਜਿਜ਼" ਦੇ ਭੋਗ ਤੇ ਮੈਂ ਗਿਆ ਤਾਂ ਵੇਖਿਆ ਚੰਦ ਰਿਸ਼ਤੇਦਾਰ ਹੀ ਕੱਠੇ ਹੋਏ ਸਨ। ਉਸ ਸਮੇਂ ਤੇ ਮੈਨੂੰ ਮਲਕਾ ਨੂਰਜਹਾਂ ਦੀ ਕਬਰ ਤੇ ਲਿਖੇ ਫ਼ਾਰਸੀ ਦੇ ਇਸ ਸ਼ੇਅਰ ਦੀ ਯਾਦ ਆਈ-

ਬਰ ਮਜ਼ਾਰੇ ਮਾ ਗਰੀਬਾਂ ਨੈ ਚਰਾਗੇ ਨੈ ਗੁਲੇ,<br>
ਨੈ ਪਰੀ ਪਰਵਾਨਾਂ ਸੋਜ਼ਦ ਨੈ ਸਦਾਏ ਬੁਲਬਲੇ।

(ਭਾਵ ਸਾਡੀ ਗਰੀਬਾਂ ਦੀ ਕਬ਼ਰ ਤੇ ਨਾਂ ਦੀਵਾ ਹੈ, ਨਾ ਫੁੱਲ ਹਨ। ਨਾ ਉਥੇ ਪਰਵਾਨੇ ਸੜਦੇ ਹਨ ਤੇ ਨਾ ਹੀ ਬੁਲਬੁਲ ਦੀ ਆਵਾਜ਼ ਹੈ।)

ਕਵੀਸ਼ਰੀ ਜਥੇ ਨੇ ਆਪਣਾ ਇਤਿਹਾਸਕ ਪਰਸੰਗ ਖ਼ਤਮ ਕੀਤਾ, ਸਲੋਕ ਪੜ੍ਹੇ ਗਏ, ਸੱਦ ਵੀ ਪੜ੍ਹੀ ਗਈ, ਅਰਦਾਸ



Sri Satguru Jagjit Singh Ji eLibrary NamdhariElibrary@gmail.com

ਹੋਈ, ਪਰਸਾਦ ਵਰਤਿਆ........ ਪਰ ਕਿਸੇ ਨੇ ਵੀ "ਆਜਿਜ਼" ਬਾਰੇ ਕੁਝ ਨਹੀਂ ਆਖਿਆ। ਜਿਵੇਂ ਉਹ ਕਦੀ ਇਕ ਵਧੀਆ ਰਚਨਾਕਾਰ ਹੀ ਨਾ ਰਿਹਾ ਹੋਵੇ। ਮੇਰੇ ਅੰਦਰ ਉਹਦੇ ਬਾਰੇ ਬੜਾ ਕੁਝ ਸੀ ਪਰ ਉਹਦੀ ਗ੍ਰੰਥ ਸਾਹਿਬ ਅੱਗੇ ਪਈ ਤਸਵੀਰ ਨੇ ਮਨ੍ਹਾਂ ਕਰ ਦਿਤਾ ਉਸ ਬਾਰੇ ਕੁਝ ਕਹਿਣ ਤੋਂ। ਰਹਿ ਚੁੱਕੇ ਓਸ ਕਵੀ ਦਰਬਾਰਾਂ ਦੇ ਸ਼ਿੰਗਾਰ ਦੀ ਯਾਦ ਵਿਚ ਲਿਖੇ ਚੰਦ ਸ਼ੇਅਰ ਮੇਰੀ ਕਾਪੀ ਦਾ ਸ਼ਿੰਗਾਰ ਹੀ ਬਣ ਕੇ ਰਹਿ ਗਏ ਉਹ ਸ਼ੇਅਰ ਇਸ ਤਰ੍ਹਾਂ ਹਨ—

ਆਜਿਜ਼ ਊਧਮ ਸਿੰਘ ਯਾਰਾਂ ਦਾ ਯਾਰ ਸੀ,
ਉਸਨੂੰ ਹਰ ਇਨਸਾਨ ਦੇ ਨਾਲ ਪਿਆਰ ਸੀ।

ਵੇਖਣ ਨੂੰ ਉਹ ਇਕ ਆਮ ਇਨਸਾਨ ਸੀ,
ਸੋਚ ਉਸਦੀ ਐਪਰ ਕਿਤੇ ਮਹਾਨ ਸੀ।

ਯਾਰਾਂ ਦਾ ਸੁਖ ਸਦਾ ਸਦਾ ਉਸ ਲੋਚਿਆ,
ਐਪਰ ਆਪਣੇ ਬਾਰੇ ਕੁਝ ਨਹੀਂ ਸੋਚਿਆ।

ਕਦਰ ਉਸਦੀ ਕੀਤੀ ਅਸਾਂ ਨ ਸਾਰਿਆਂ,
ਲੱਭਦਾ ਉਹ ਨਹੀਂ ਅੱਜ ਆਵਾਜ਼ਾਂ ਮਾਰਿਆਂ।

ਉਸ ਦੇ ਸਾਥੀ ਸਿਖਰਾਂ ਅੱਜ ਪੈ ਛੋਹਦੇ ਨੇ,
ਤਾਰੇ ਬਣ ਕੇ ਜਗ ਵਿਚ ਅਜ ਪੈ ਸੋਹਦੇ ਨੇ।

"ਆਜਿਜ਼" ਐਪਰ ਵੇਖੋ ਗੱਡੀਓ ਲਹਿ ਗਿਆ ਸੀ,
ਮਨਜ਼ਲ ਉੱਤੇ ਪੁੱਜਣੋਂ ਬਿਲਕੁਲ ਰਹਿ ਗਿਆ ਸੀ।

ਉਹਦੇ ਚੇਲੇ ਅਜ ਮਹਾਨ ਇਨਸਾਨ ਬਣੇ,
ਆਜਿਜ਼ ਤੋਂ ਪਰ ਲੋਕੀ ਨੇ ਅਣਜਾਣ ਬਣੇ।

ਚੀਜ਼ ਇਕ ਵੱਡਮੁੱਲੀ ਜੱਗ ਤੇ ਆਈ ਸੀ,
ਕਦਰ ਉਸਦੀ ਐਪਰ ਕਿਸੇ ਨ ਪਾਈ ਸੀ।

ਉਹ ਕੇਵਲ ਰਚਨਾ ਕਰਦਾ ਹੀ ਨਹੀਂ ਸੀ ਸਗੋਂ ਉਹਨੂੰ ਗਾ ਕੇ ਸੁਣਾਉਣ ਵਿਚ ਵੀ ਪੂਰਾ ਨਿਪੁੰਨ ਸੀ। ਹਾਰਮੋਨੀਅਮ ਤੇ ਉਸ ਦੀਆਂ ਉਂਗਲਾਂ ਪਾਰੇ ਵਾਂਗ ਥਿਰਕਦੀਆਂ ਤੇ ਸੰਗੀਤ ਦੇ ਮਾਹੌਲ ਨੂੰ ਰਸ-ਭਰਿਆ ਬਣਾ ਦਿੰਦੀਆਂ ਸਨ।

ਉਹਦੇ ਭੋਗ ਦਾ ਕਾਰਡ ਜਦੋਂ ਮੈਂ ਪੜ੍ਹਿਆ, ਉਹਦੇ ਉੱਤੇ ਕੇਵਲ ਊਧਮ ਸਿੰਘ ਸੰਧੂ ਹੀ ਲਿਖਿਆ ਸੀ। ਸਬੰਧੀਆਂ ਨੇ ਉਹਦੇ ਨਾਂ ਨਾਲੋਂ "ਆਜਿਜ਼" ਵੀ ਲਾਹ ਸੁੱਟਿਆ ਸੀ। ਪਰ ਉਹਦੀਆਂ ਰਚਨਾਵਾਂ ਉਹਦੇ ਨਾਂ ਨਾਲੋਂ ਕਿਵੇਂ ਲਹਿ ਸਕਣਗੀਆਂ।

ਕਾਸ਼! ਕੋਈ ਉਹਦੀਆਂ ਰਚਨਾਵਾਂ ਕੱਢ ਕੇ ਕੱਠੀਆਂ ਕਰ ਸਕੇ। ਪਰ ਕਿੱਥੇ?

ਅੰਤ ਵਿਚ ਸ. ਊਧਮ ਸਿੰਘ ਆਜਿਜ਼ ਦੀਆਂ ਰਚਨਾਵਾਂ ਨੂੰ ਪ੍ਰਣਾਮ ਕਰਦਿਆਂ ਉਹਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਹੀ ਕਰ ਸਕਦੇ ਹਾਂ। ਪਰ ਉਹਦੀ ਰੂਹ ਤਸਕੀਨ ਨਹੀਂ ਪਾ ਸਕੇਗੀ, ਕਿਉਂਕਿ ਉਹਦੇ ਅਣਗੌਲੇ ਜਜ਼ਬਾਤ ਉਹਦੀ ਰੂਹ ਦੇ ਨਾਲ ਹੀ ਰਹਿਣਗੇ ਤੇ ਉਹ ਉਹਦੀ ਰੂਹ ਨੂੰ ਚੈਨ ਨਾਲ ਨਹੀਂ ਬੈਠਣ ਦੇਣਗੇ।

ਅਮਰਜੀਤ ਸਿੰਘ


ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ
ਨਾਮਧਾਰੀ ਬ੍ਰਦਰਜ਼
ਡਾਲਟਨਗੰਜ (ਬਿਹਾਰ)
NAMDHARI BROTHERS
DALTON GANJ (BIHAR)
Prop. *S. Ajit Singh Namdhari*



੧ਓ
ਸ੍ਰੀ ਸਤਿਗੁਰ ਰਾਮ ਸਿੰਘ ਜੀ ਸਹਾਇ
*Turn Turn- 220010*
**Makah Singh Saggu**
TECHNO INDUSTRIES
ਟੈਕਨੋ ਇੰਡਸਟਰੀਜ਼
**Manufacturers, Fabricators & Exporters**
**Industrial Chain Sprockets & Sugar Mill**
**Spares All Types of Graded Casting &**
**Machinery parts**
***E.D. 311, Old Railway Road,***
***Jalandhar-144001***





Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ : ੫੯੯੮੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੬੯੦

ਬਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**DALIP SINGH PURAN SINGH SAGGU**

*(Timber Merchants)*

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

## JANTA HYDRAULIC PRESSES



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ*



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

**10240/54, Library Road, Azad Market, Delhi-11006**





Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

Registered No. PB/1017/99 **MONTHLY WARIAM**, Ladowali Road, Jalandhar-144 001
Registered with the Reigstrar of News Papers for India No. 26453/75 **JAN. 2000**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ [illegible] ਤੋਂ ਪ੍ਰਕਾਸ਼ਿਤ ਕੀਤਾ। [illegible]

Sri Satguru Jagjit Singh Ji eLibrary NamdhariElibrary@gmail.com